ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ


ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-23 ਨੰਬਰ-24

11 ਤੋ 17 ਭਾਦਰੋਂ 2072 - 27 August to 02 September 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਸਤਿਗੁਰੂ ਸਦਾ ਹੀ ਹੈ



ਸਤਿਗੁਰੂ ਸਦਾ ਹੀ ਹੈ, ਉਹ ਕੋਈ ਵੇਲਾ ਨਹੀਂ ਜਿੱਥੇ ਉਹ ਨਾ ਹੋਵੇਗਾ। ਜਿਹੜੇ ਉਹਦੇ ਚਰਨਾਂ ਨੂੰ ਲਗਦੇ ਹਨ, ਜਿਹੜੇ ਉਹਦੇ ਚਰਨਾਂ ਨੂੰ ਧਿਆਉਂਦੇ ਹਨ, ਸਤਿਗੁਰੂ ਉਹਨਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ।

### ਸਤਿਗੁਰੂ ਉਦੈ ਸਿੰਘ ਜੀ ਦੀ ਅਜੀਤ ਅਖਬਾਰ ਨਾਲ ਵਿਸ਼ੇਸ਼ ਮੁਲਾਕਾਤ

# ਸਿੱਖੀ ਦੇ ਪ੍ਰਚਾਰ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਨਾਮਧਾਰੀ ਸਮਾਜ ਤਨ ਦੇਹੀ ਨਾਲ ਕੰਮ ਕਰੇਗਾ

ਜਲੰਧਰ, ੮ ਅਗਸਤ- ਦੇਸ਼ ਵਿਦੇਸ਼ ਵਿਚ ਸਿੱਖੀ ਦਾ ਪ੍ਰਚਾਰ ਕਰਨ, ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਅਤੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਨਾਮਧਾਰੀ ਸਮਾਜ ਪੂਰੀ ਤਨਦੇਹੀ ਨਾਲ ਕੰਮ ਕਰੇਗਾ। ਇਸ ਦੇ ਨਾਲ ਨਾਲ ਭਰੂਣ ਹੱਤਿਆ ਅਤੇ ਦਾਜ-ਦਹੇਜ ਦੀ ਵੱਧ ਰਹੀ ਬੁਰਾਈ ਸੰਬੰਧੀ ਵੀ ਸੰਗਤਾਂ ਵਿਚ ਚੇਤਨਾ ਪੈਦਾ ਕੀਤੀ ਜਾਵੇਗੀ। ਨਵੀਂ ਪੀੜ੍ਹੀ ਨੂੰ ਚੰਗੀਆਂ ਕਦਰਾਂ-ਕੀਮਤਾਂ ਨਾਲ ਜੁੜਨ ਅਤੇ ਪੰਜਾਬੀ ਨੂੰ ਹਰ ਪੱਧਰ ਤੇ ਅਪਣਾਉਣ ਲਈ ਵੀ ਪ੍ਰੇਰਿਆ ਜਾਵੇਗਾ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਉਦੈ ਸਿੰਘ ਜੀ ਨੇ 'ਅਜੀਤ' ਦੇ ਇਸ ਨੁਮਾਇੰਦੇ ਨਾਲ ਵਿਸ਼ੇਸ਼ ਤੌਰ ਤੇ ਗਲਬਾਤ ਦੌਰਾਨ ਕੀਤਾ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵਿਸ਼ੇਸ਼ ਤੌਰ ਤੇ ਅਜੀਤ ਭਵਨ ਵਿਚ ਅਜੀਤ ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨਾਲ ਕਰਤਾਰਪੁਰ (ਜਲੰਧਰ) ਵਿਖੇ ਪੰਜਾਬ ਦੇ ਆਜ਼ਾਦੀ ਘੁਲਾਟੀਆਂ ਦੀ ਯਾਦ ਵਿਚ ਬਣ ਰਹੇ ਪੰਜਾਬੀ-ਜੰਗ-ਏ-ਆਜ਼ਾਦੀ ਮੈਮੋਰੀਅਲ ਦੇ ਸੰਦਰਭ ਵਿਚ ਵਿਚਾਰ ਚਰਚਾ ਕਰਨ ਆਏ ਸਨ। ਉਹਨਾਂ ਦੇ ਨਾਲ ਸ. ਹਰਵਿੰਦਰ ਸਿੰਘ ਹੰਸਪਾਲ, ਸੁਰਿੰਦਰ ਸਿੰਘ ਨਾਮਧਾਰੀ ਅਤੇ ਨਾਮਧਾਰੀ ਸਮਾਜ ਦੀਆਂ ਹੋਰ ਉਘੀਆਂ ਸਖਸ਼ੀਅਤਾਂ ਵੀ ਅਜੀਤ ਭਵਨ ਵਿਚ ਪੁੱਜੀਆਂ ਸਨ। ਅਜੀਤ ਭਵਨ ਵਿਚ ਉਹਨਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਉਹਨਾਂ ਦਾ ਸੁਆਗਤ ਕਰਨ ਵਾਲਿਆਂ ਵਿਚ ਅਜੀਤ ਪ੍ਰਕਾਸ਼ਨ ਸਮੂਹ ਦੀ ਚੀਫ ਐਗਜੀਕਿਊਟਿਵ ਸਰਵਿੰਦਰ ਕੌਰ, ਸੀਨੀਅਰ ਐਗਜੀਕਿਊਟਿਵ ਗੁਰਜੋਤ ਕੌਰ ਤੋਂ ਇਲਾਵਾ ਅਜੀਤ ਪ੍ਰਕਾਸ਼ਨ ਸਮੂਹ ਦੇ ਹੋਰ ਸਟਾਫ ਮੈਂਬਰ ਵੀ ਸ਼ਾਮਿਲ ਸਨ। ਸਤਿਗੁਰੂ ਉਦੈ ਸਿੰਘ ਜੀ ਅਤੇ ਉਹਨਾਂ ਨਾਲ ਆਈਆਂ ਹੋਰ ਨਾਮਧਾਰੀ ਸਖਸ਼ੀਅਤਾਂ ਨੂੰ ਇਸ ਅਵਸਰ ਤੇ ਸਨਮਾਨ ਵਜੋਂ ਅਜੀਤ ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਵਲੋਂ ਡਾ. ਸਾਧੂ ਸਿੰਘ ਹਮਦਰਦ ਦੀ ਲਿਖੀ ਹੋਈ ਪ੍ਰਸਿੱਧ ਪੁਸਤਕ 'ਯਾਦ ਬਣੀ ਇਤਿਹਾਸ' ਅਤੇ ਆਪਣੀਆਂ ਲਿਖੀਆਂ ਕੁਝ ਪੁਸਤਕਾਂ, ਸੰਗੀਤ ਐਲਬਮਾਂ ਵੀ ਭੇਟ ਕੀਤੀਆਂ ਗਈਆਂ।



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਜਲੰਧਰ ਵਿਖੇ ਮੰਨੇ ਪ੍ਰਮੰਨੇ ਅਖ਼ਬਾਰ 'ਅਜੀਤ' ਦੇ ਦਫ਼ਤਰ ਵਿੱਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਅਜੀਤ ਦਾ ਮੁੱਖ ਸਟਾਫ ਸ੍ਰੀ ਸਤਨਾਮ ਸਿੰਘ ਮਾਣਕ (ਕਾਰਜਕਾਰੀ ਸੰਪਾਦਕ ਰੋਜਾਨਾ ਅਜੀਤ) ਸ. ਅਮਰਜੀਤ ਸਿੰਘ (ਨਿਜੀ ਸਹਾਇਕ ਸ. ਬਰਜਿੰਦਰ ਸਿੰਘ ਹਮਦਰਦ ਮੁਖ ਸੰਪਾਦਕ ਅਜੀਤ) ਅਤੇ ਸ. ਅਵਤਾਰ ਸਿੰਘ ਸ਼ੇਰਗਿੱਲ (ਸਮਾਚਾਰ ਸੰਪਾਦਕ) ਸ੍ਰੀ ਸਤਿਗੁਰੂ ਜੀ ਦਾ ਫੁੱਲਾ ਦੇ ਗੁਲਦਸਤਿਆਂ ਨਾਲ ਸਵਾਗਤ ਕਰਦੇ ਹੋਏ

(ਬਾਕੀ ਸਫਾ 2 ਤੇ)

## ਸ੍ਰੀ ਸਤਿਗੁਰੂ ਜੀ ਦਾ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਦਾ ਦੌਰਾ

**ਸਿਡਨੀ** - ਆਸਟ੍ਰੇਲੀਆ ਦੌਰੇ ਦੀ ਵਿਉਂਤਬੰਦੀ ਬੜੇ ਸੁਚੱਜੇ ਢੰਗ ਨਾਲ ਕੀਤੀ ਗਈ ਸੀ। ਚਾਰ ਵਡੇ ਸ਼ਹਿਰਾਂ ਵਿਚ ਹਵਾਈ ਸਫਰ ਦੇ ਨਾਲ ਬ੍ਰਿਸਬੇਨ ਤੋਂ ਸਿਡਨੀ ਤਕ ਦਾ ਸਫਰ ਇਕ ਵਿਸ਼ੇਸ਼ ਬੁਕ ਕੀਤੀ ਗਈ ਬਸ ਦੁਆਰਾ ਕੀਤਾ ਜਾਣਾ ਸੀ। ਜੋ ਨਕਸ਼ੇ ਅਨੁਸਾਰ ਦੇਖੀਏ ਤਾਂ ਬੰਕੋਕ ਤੋਂ ਸਿੱਧਾ ਪਰਥ, ਬੰਕੋਕ ਤੋਂ ਆਸਟ੍ਰੇਲੀਆ ਦੀ ਸਭ ਤੋਂ ਨੇੜੇ ਦੀ ਮੰਜਿਲ (ਡੈਸਟੀਨੇਸ਼ਨ) ਹੈ। ਬ੍ਰਿਸਬੇਨ ਆਸਟ੍ਰੇਲੀਆ ਦੋਹਾਂ ਸ਼ਹਿਰਾਂ ਦਾ ਸਮੇਂ ਦਾ ਵੀ ਲਗਭਗ 2 ਘੰਟੇ ਦਾ ਫਰਕ ਹੈ। ਸਿਡਨੀ ਦੀ ਬ੍ਰਿਸਬੇਨ ਤੋਂ ਲਗਭਗ 1000 ਕਿਲੋਮੀਟਰ ਦੀ ਦੂਰੀ ਹੈ ਅਤੇ ਇਸਦਾ ਬਸ ਰਾਹੀਂ ਸਫਰ 12-15 ਘੰਟੇ ਦਾ ਹੈ। ਰਾਹ ਵਿਚ ਕਈ ਦਾਰਸ਼ਨਿਕ ਸਥਾਨ ਵੀ ਆਉਂਦੇ ਹਨ।

10 ਜੁਲਾਈ 2015 ਸ੍ਰੀ ਹਜ਼ੂਰ ਨਿਤਾ-ਪ੍ਰਤੀ ਨਿਯਮ ਅਧੀਨ ਆਸਾ ਦੀ ਵਾਰ ਦੀ ਬਾਣੀ ਗੁਰਸ਼ਰਨ ਸਿੰਘ ਤੋਂ ਪਾਠ ਰੂਪ ਵਿਚ ਸਰਵਨ ਕਰ ਰਹੇ ਸਨ। ਵਾਰ ਦਾ ਭੋਗ ਪੈਂਦਿਆਂ ਸ੍ਰੀ ਹਜ਼ੂਰ ਬਸ ਵਿਚ ਸਵਾਰ ਹੋ ਅਜ ਦੇ ਸਫਰ ਵਲ ਤੁਰ ਪਏ।

(ਬਾਕੀ ਸਫਾ 6 ਤੇ)

## ਅੰਮ੍ਰਿਤਸਰ ਸ਼ਹੀਦੀ ਮੇਲਾ 15 ਸਤੰਬਰ ਨੂੰ

**ਅੰਮ੍ਰਿਤਸਰ**- ਦੇਸ਼ ਦੀ ਅਜਾਦੀ, ਗਊ ਗਰੀਬ ਦੀ ਰੱਖਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਲਈ ਸ਼ਹਾਦਤ ਦਾ ਜਾਮ ਪੀਣ ਵਾਲੇ ਮਹਾਨ ਸੂਰਬੀਰ ਯੋਧੇ ਸ਼ਹੀਦ ਲਹਿਣਾ ਸਿੰਘ, ਹਾਕਮ ਸਿੰਘ, ਬੀਹਲਾ ਸਿੰਘ, ਫਤਿਹ ਸਿੰਘ ਦੀ ਯਾਦ ਵਿੱਚ ਸ਼ਹੀਦੀ ਮੇਲਾ ਨਾਮਧਾਰੀ ਪੰਥ ਦੇ ਰਹਿਨੁਮਾ ਅਤੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ 15 ਸਤੰਬਰ 2015 (30 ਭਾਦਰੋਂ 2072) ਦਿਨ ਮੰਗਲਵਾਰ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਰਾਮ ਬਾਗ (ਨੇੜੇ ਕੰਪਨੀ ਬਾਗ) ਅੰਮ੍ਰਿਤਸਰ ਵਿਖੇ ਮਨਾਇਆ ਜਾ ਰਿਹਾ ਹੈ। ਮੇਲਾ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਨਾਮ ਸਿਮਰਨ ਨਾਲ ਅਰੰਭ ਹੋਵੇਗਾ। ਜਥੇਦਾਰਾਂ ਦੇ ਦੀਵਾਨ, ਕਥਾ ਕੀਰਤਨ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ ਸਾਧ ਸੰਗਤ ਇਸ ਸਮਾਗਮ ਵਿਚ ਪਹੁੰਚ ਕੇ ਹਾਜ਼ਰੀ ਭਰੇ ਅਤੇ ਸ੍ਰੀ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨਾਂ ਦਾ ਅਨੰਦ ਮਾਣੇ।

# ਨਾਮਧਾਰੀ ਸਮਾਜ ਤਨ ਦੇਹੀ ਨਾਲ ਕੰਮ ਕਰੇਗਾ...(ਬਾਕੀ ਸਫਾ 1 ਦੀ)

ਇਸ ਮੌਕੇ ਤੇ ਉਹਨਾਂ ਨਾਲ ਹੋਈ ਇਕ ਵਿਸ਼ੇਸ਼ ਮੁਲਾਕਾਤ ਦੇ ਅਹਿਮ ਅੰਸ਼ ਇਥੇ ਪੇਸ਼ ਕੀਤੇ ਜਾ ਰਹੇ ਹਨ :

- **ਨਾਮਧਾਰੀ ਸੰਪਰਦਾ ਦੇ ਤੁਹਾਡੇ ਤੋਂ ਪਹਿਲੇ ਮੁਖੀ ਸਤਿਗੁਰੂ ਜਗਜੀਤ ਸਿੰਘ ਸਾਰੀ ਹਿਯਾਤੀ ਦੇਸ਼ ਵਿਦੇਸ਼ ਵਿਚ ਸਿਖੀ ਦੇ ਪ੍ਰਚਾਰ ਪ੍ਰਸਾਰ ਲਈ ਸਮਰਪਿਤ ਰਹੇ। ਇਸ ਸੰਦਰਭ ਵਿਚ ਤੁਹਾਡੇ ਵਲੋਂ ਕਿਸ ਤਰ੍ਹਾਂ ਦੇ ਯਤਨ ਹੋ ਰਹੇ ਹਨ ?**
- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਉਣਾ ਅਤੇ ਸਿੱਖ ਸਿਧਾਂਤਾਂ ਤੋਂ ਨਵੀਂ ਪੀੜ੍ਹੀ ਨੂੰ ਜਾਣੂੰ ਕਰਵਾਉਣਾ ਨਾਮਧਾਰੀ ਸਮਾਜ ਦਾ ਮੁੱਖ ਸਰੋਕਾਰ ਰਿਹਾ ਹੈ। ਇਸ ਸਬੰਧ ਵਿਚ ਹੁਣ ਵੀ ਪੂਰੀ ਸਿਦਤ ਨਾਲ ਯਤਨ ਕੀਤੇ ਜਾ ਰਹੇ ਹਨ। ਮੈਂ ਹੁਣੇ ਹੁਣੇ ਆਸਟ੍ਰੇਲੀਆ ਦੇ ਦੌਰੇ ਤੋਂ ਵਾਪਿਸ ਆਇਆ ਹਾਂ। ਉਥੇ ਸਿੱਖੀ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਵੱਧ ਤੋਂ ਵੱਧ ਸੰਗਤਾਂ ਤੱਕ ਪਹੁੰਚ ਕੀਤੀ ਗਈ ਹੈ। ਖਾਸ਼ ਕਰਕੇ ਨਵੀਂ ਪੀੜ੍ਹੀ ਨੂੰ ਚੰਗੀਆਂ ਕਦਰਾਂ ਕੀਮਤਾਂ ਨਾਲ ਜੁੜਨ, ਆਪਣੇ ਇਤਿਹਾਸ ਅਤੇ ਵਿਰਸੇ ਨੂੰ ਅਪਣਾਉਣ ਦੀ ਪ੍ਰੇਰਣਾ ਕੀਤੀ ਗਈ ਹੈ। ਇਸ ਪ੍ਰਸੰਗ ਵਿਚ ਆਸਟ੍ਰੇਲੀਆ ਦੀ ਸੰਗਤ ਵਿਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ ਹੈ। ਵਿਦੇਸ਼ਾਂ ਦੇ ਦੌਰੇ ਨਾਲ ਪੰਜਾਬ ਤੇ ਦੇਸ਼ ਦੇ ਹੋਰ ਹਿੱਸਿਆ ਵਿਚ ਵੀ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਪਹਿਲਾਂ ਹੀ ਤਰ੍ਹਾਂ ਦੇ ਯਤਨ ਜਾਰੀ ਰਹਿਣਗੇ। ਸਗੋਂ ਇਹਨਾਂ ਯਤਨਾਂ ਵਿਚ ਹੋਰ ਵਾਧਾ ਕੀਤਾ ਜਾਵੇਗਾ।
- **ਸਤਿਗੁਰੂ ਜਗਜੀਤ ਸਿੰਘ ਕੁਦਰਤੀ ਖੇਤੀ ਨੂੰ ਵਿਸ਼ੇਸ਼ ਤੌਰ ਤੇ ਉਤਸ਼ਾਹਿਤ ਕਰਦੇ ਸਨ। ਉਨ੍ਹਾਂ ਦਾ ਯਤਨ ਸੀ ਕਿ ਲੋਕਾਂ ਨੂੰ ਫਲ ਸਬਜ਼ੀਆਂ ਜ਼ਹਿਰਾਂ ਤੋਂ ਮੁਕਤ ਮਿਲਣ। ਇਸ ਕਾਜ ਲਈ ਤੁਹਾਡੇ ਵਲੋਂ ਕੀ ਯਤਨ ਹੋ ਰਹੇ ਹਨ ?**
- ਤੁਸੀਂ ਠੀਕ ਆਖਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਉਚੇਚੇ ਯਤਨ ਕੀਤੇ ਸਨ। ਇਸ ਸੰਦਰਭ ਵਿਚ ਵੀ ਜੀਵਨ ਨਗਰ (ਹਰਿਆਣਾ) ਵਿਚ ਇਕ ਖੇਤੀ ਫਾਰਮ ਕਾਇਮ ਕੀਤਾ ਗਿਆ ਸੀ। ਉਥੇ ਅੱਜ ਵੀ ਕੁਦਰਤੀ ਢੰਗ ਨਾਲ ਹੀ ਖੇਤੀਬਾੜੀ ਕੀਤੀ ਜਾਂਦੀ ਹੈ, ਕੀਟ ਨਾਸ਼ਕਾਂ ਅਤੇ ਨਦੀਨ-ਨਾਸ਼ਕਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸੇ ਤਰ੍ਹਾਂ ਦੇਸ਼ ਵਿਚ ਫਲ ਸਬਜ਼ੀਆਂ ਦੀਆਂ ਚੰਗੀਆਂ ਕਿਸਮਾਂ ਤਿਆਰ ਕਰਨ ਅਤੇ ਚੰਗੇ ਫਲ ਸਬਜ਼ੀਆਂ ਲੋਕਾਂ ਤੱਕ ਪਹੁੰਚਾਉਣ ਲਈ ਬੰਗਲੌਰ ਵਿਚ ਨਾਮਧਾਰੀ ਸੀਡਜ਼ (ਖੋਜ ਕੇਂਦਰ) ਦੀ ਸਥਾਪਨਾ ਕੀਤੀ ਗਈ ਸੀ। ਇਹ ਖੋਜ ਕੇਂਦਰ ਬੜੀ ਸਫਲਤਾ ਨਾਲ ਕੰਮ ਕਰ ਰਿਹਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸ਼ੁਰੂ ਕੀਤੇ ਗਏ ਇਹਨਾਂ ਪ੍ਰੋਜੈਕਟਾਂ ਦਾ ਹੋਰ ਵਿਸਥਾਰ ਕੀਤਾ ਜਾਵੇਗਾ। ਅਸੀਂ ਇਸ ਲਈ ਵੀ ਕੋਸ਼ਿਸ਼ ਕਰਾਂਗੇ ਕਿ ਭੈਣੀ ਸਾਹਿਬ ਵਿਖੇ ਵੀ ਪੰਜਾਬ ਦੇ ਕਿਸਾਨਾਂ ਨੂੰ ਕੁਦਰਤੀ ਢੰਗ ਨਾਲ ਖੇਤੀਬਾੜੀ ਕਰਨ ਦੀ ਤਕਨੀਕ ਸਿਖਾਈ ਜਾਵੇ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਖਾਣ-ਪੀਣ ਦੀਆਂ ਚੀਜ਼ਾਂ ਮਿਆਰੀ ਤੇ ਸ਼ੁੱਧ ਮਿਲ ਸਕਣ ਅਤੇ ਪੰਜਾਬ ਦੇ ਵਾਤਾਵਰਨ ਨੂੰ ਵੀ ਸ਼ੁੱਧ ਬਣਾਇਆ ਜਾ ਸਕੇ।
- **ਨਾਮਧਾਰੀ ਸੰਪਰਦਾ ਸ਼ਾਸ਼ਤਰੀ ਸੰਗੀਤ ਤੇ ਪ੍ਰਚਾਰ-ਪ੍ਰਸਾਰ ਲਈ ਵੀ ਵਿਸ਼ੇਸ਼ ਤੌਰ ਤੇ ਪ੍ਰਤੀਬੱਧ ਰਿਹਾ ਹੈ। ਇਸ ਸਬੰਧ ਵਿਚ ਹੁਣ ਕੀ-ਕੀ ਯਤਨ ਹੋ ਰਹੇ ਹਨ ?**
- ਨਾਮਧਾਰੀ ਸੰਪਰਦਾ ਦਾ ਹਮੇਸ਼ਾਂ ਇਹ ਯਤਨ ਰਿਹਾ ਹੈ ਕਿ ਚੰਗੇ ਕੀਰਤਨੀ ਪੈਦਾ ਕੀਤੇ ਜਾ ਸਕਣ। ਨਵੀਂ ਪੀੜੀ ਦੇ ਕਾਰ-ਵਿਹਾਰ ਵਿਚੋਂ ਸੰਗੀਤ ਦੀ ਖੁਸ਼ਬੋ ਆਵੇ ਇਸ ਮਕਸਦ ਲਈ ਹੀ ਸ਼ਾਸਤਰੀ ਸੰਗੀਤ ਨੂੰ ਉਤਸ਼ਾਹਿਤ ਕੀਤਾ ਜਾਂਦਾ ਰਿਹਾ ਹੈ। ਸਤਿਗੁਰੂ ਜਗਜੀਤ ਸਿੰਘ ਆਪ ਸ਼ਾਸਤਰੀ ਸੰਗੀਤ ਦਾ ਬੜਾ ਗਹਿਰਾ ਅਨੁਭੱਵ ਰਖਦੇ ਸਨ। ਉਨਾਂ ਦੇ ਮਿਸ਼ਨ ਨੂੰ ਅੰਗੇ ਵਧਾਉਂਦਿਆਂ ਸ਼ਾਸਤਰੀ ਸੰਗੀਤ ਦੀ ਸਰਪ੍ਰਸਤੀ ਦੇਸ਼-ਵਿਦੇਸ਼ ਵਿਚ ਪਹਿਲਾਂ ਦੀ ਤਰ੍ਹਾਂ ਜਾਰੀ ਰਹੇਗੀ। ਇਸ ਸਾਲ 21 ਤੋਂ 22 ਨਵਬੰਰ ਨੂੰ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਵਿਸ਼ੇਸ਼ ਤੌਰ ਤੇ ਸ਼ਾਸਤਰੀ ਸੰਗੀਤ ਸੰਮੇਲਨ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਜ਼ਾਕਿਰ ਹੁਸੈਨ ਸਮੇਤ ਹੋਰ ਬਹੁਤ ਸਾਰੇ ਪ੍ਰਸਿੱਧ ਸ਼ਾਸਤਰੀ ਸੰਗੀਤ ਦੇ ਉਸਤਾਦ ਲੋਕ ਸ਼ਾਮਿਲ ਹੋਣਗੇ।
- **ਪੰਜਾਬੀ ਜ਼ਬਾਨ ਦੇ ਪ੍ਰਚਾਰ ਲਈ ਨਾਮਧਾਰੀ ਸੰਪਰਦਾ ਬੜੀ ਪਤੀਬੱਧ ਰਹੀ ਹੈ ਅਤੇ ਇਸ ਮਕਸਦ ਲਈ ਪੰਜਾਬ ਦੀਆਂ ਸਾਹਿਤ ਸਭਾਵਾਂ ਅਤੇ ਸਾਹਿਤਕਾਰਾਂ ਨੂੰ ਉਤਸ਼ਾਹਿਤ ਕਰਦੀ ਰਹੀ ਹੈ। ਇਸ ਸੰਬੰਧ ਵਿਚ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?**
- ਸਾਡਾ ਇਹ ਵਿਚਾਰ ਹੈ ਕਿ ਜੇਕਰ ਸਾਡੇ ਨੌਜਵਾਨ ਪੰਜਾਬੀ ਪੜ੍ਹਨ ਲਿਖਣ ਦੇ ਅਭਿਆਸੀ ਨਹੀ ਹੋਣਗੇ ਤਾਂ ਉਹ ਆਪਣੇ ਇਤਿਹਾਸ ਤੇ ਵਿਰਸੇ ਨਾਲ ਨਹੀਂ ਜੁੜ ਸਕਦੇ, ਚੰਗੀਆਂ ਕਦਰਾਂ ਕੀਮਤਾਂ ਦੇ ਧਾਰਨੀ ਨਹੀਂ ਬਣ ਸਕਦੇ। ਖਾਸ਼ ਕਰਕੇ ਪੰਜਾਬੀ ਤੋਂ ਬਿਨਾਂ ਗੁਰਬਾਣੀ ਨੂੰ ਨਾ ਹੀ ਉਹ ਪੜ੍ਹ ਸਕਦੇ ਹਨ ਤੇ ਨਾ ਹੀ ਸਮਝ ਸਕਦੇ ਹਨ। ਇਸੇ ਮਕਸਦ ਲਈ ਨਾਮਧਾਰੀ ਸੰਪਰਦਾ ਪਹਿਲਾਂ ਤੋਂ ਪੰਜਾਬੀ ਦੇ ਪ੍ਰਚਾਰ ਲਈ ਯਤਨਸ਼ੀਲ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਯਤਨਸ਼ੀਲ ਰਹੇਗੀ। ਲੇਖਕਾਂ ਅਤੇ ਸਾਹਿਤ ਸਭਾਵਾਂ ਦੀ ਪਹਿਲਾਂ ਦੀ ਤਰ੍ਹਾਂ ਸ੍ਰਪਰਸਤੀ ਹੁੰਦੀ ਰਹੇਗੀ।
- **ਅੱਜਕਲ ਸਾਡੇ ਪੰਜਾਬ ਵਿਚ ਨਵੀਂ ਪੀੜ੍ਹੀ ਵਿਚ ਨਸ਼ਿਆਂ ਦਾ ਪ੍ਰਚਲਨ ਬਹੁਤ ਵਧ ਰਿਹਾ ਹੈ। ਭਰੂਣ ਹੱਤਿਆ ਅਤੇ ਦਾਜ ਦਹੇਜ ਦੀ ਬੁਰਾਈ ਬੜੀ ਗੰਭੀਰ ਰੂਪ ਲੈ ਚੁਕੀ ਹੈ। ਤੁਸੀਂ ਆਪਣੇ ਵਲੋਂ ਇਸ ਸੰਬੰਧ ਵਿਚ ਦੇਸ਼ ਵਿਦੇਸ਼ ਵਿਚ ਵਸਦੀਆਂ ਸੰਗਤਾਂ ਨੂੰ ਕੀ ਸੰਦੇਸ਼ ਦੇਣਾ ਚਾਹੁੰਦੇ ਹੋ ?**
- ਨਾਮਧਾਰੀ ਸਮਾਜ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਕੁੜੀਆਂ ਨੂੰ ਮਾਰਨ ਵਾਲਿਆਂ ਦੇ ਬਾਈਕਾਟ ਦਾ ਸੱਦਾ ਦਿੱਤਾ ਸੀ ਅਤੇ ਅਸੀਂ ਅੱਜ ਤੱਕ ਇਸ ਧਾਰਨਾ ਨੂੰ ਲੈ ਕੇ ਚੱਲ ਰਹੇ ਹਾਂ। ਅਸੀਂ ਭਰੂਣ ਹੱਤਿਆ ਦੇ ਸਖਤ ਖਿਲਾਫ ਹਾਂ। ਇਸੇ ਤਰ੍ਹਾਂ ਸਤਿਗੁਰੂ ਜੀ ਨੇ ਦਾਜ ਦਹੇਜ ਤੋਂ ਬਿਨਾਂ ਸਾਮੂਹਿਕ ਸ਼ਾਦੀਆਂ ਦੀ ਪਰੰਪਰਾ ਆਰੰਭ ਕੀਤੀ ਸੀ। ਇਸ ਦਾ ਮਕਸਦ ਵੀ ਦਾਜ ਦਹੇਜ ਦੀ ਬੁਰਾਈ ਨੂੰ ਖਤਮ ਕਰਨਾ ਸੀ। ਜਿਥੋਂ ਤੱਕ ਪੰਜਾਬ ਵਿਚ ਪ੍ਰਚਲਿਤ ਨਸ਼ਿਆਂ ਦਾ ਸਬੰਧ ਹੈ, ਇਸ ਸਬੰਧ ਵਿਚ ਨਾਮਧਾਰੀ ਸੰਪਰਦਾ ਨਾਲ ਸਬੰਧਤ ਸਾਰੇ ਸਥਾਨਾਂ 'ਤੇ ਵਿਸ਼ੇਸ਼ ਤੌਰ ਤੇ ਪ੍ਰਚਾਰ ਕੀਤਾ ਜਾਂਦਾ ਹੈ। ਨਵੀਂ ਪੀੜ੍ਹੀ ਨੂੰ ਇਸ ਤਰ੍ਹਾਂ ਦੀਆਂ ਬੁਰਾਈਆਂ ਨੂੰ ਛੱਡ ਕੇ ਚੰਗੀਆਂ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਲਈ ਪ੍ਰੇਰਨਾ ਦਿੱਤੀ ਜਾਂਦੀ ਹੈ। ਉਹਨਾਂ ਨੂੰ ਚੰਗੀ ਸਿੱਖਿਆ ਹਾਸਿਲ ਕਰਕੇ ਜ਼ਿੰਦਗੀ ਵਿਚ ਅੱਗੇ ਵੱਧਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਸਬੰਧੀ ਯਤਨ ਹੋਰ ਤੇਜ਼ ਕੀਤੇ ਜਾਣਗੇ। ■

# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

**ਕਰਤਾ : ਸੰਤ ਕਾਲਾ ਸਿੰਘ, ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ**

## ਪੁਜਾਰੀਆਂ ਨੇ ਚਿਠੀ ਲਿਖਣੀ ਕੂਕੇ ਤਨਖਾਹੀਏ ਹੈਨ ਗੁਰੂ ਦੁਆਰੀ ਭੇਜਣੀ

**ਪਿਛੋਂ ਬੈਠ ਪੁਜਾਰੀਆਂ ਮਤਾ ਕੀਤਾ ਮਨੋ ਹੋਰ ਕੁਢੰਗ ਨਿਕਾਰ ਸਾਰੇ।**
**ਤਖਤ ਬੈਠਕੇ ਵਿਚ ਅਕਾਲ ਬੁੰਗੇ ਰਹੇ ਕੂੜ ਦਾ ਮਹਿਲ ਉਸਾਰ ਸਾਰੇ।**
**ਕੱਠੇ ਹੋਇਕੇ ਸੈਂਕੜੇ ਦੇਸ ਵਿਚੋਂ ਲਿਖਣ ਚਿੱਠੀਆਂ ਕਰਨ ਵਿਚਾਰ ਸਾਰੇ।**
**ਅਨੰਦਪੁਰ ਤੇ ਦਮਦਮੇਂ ਮੁਕਤਸਰ ਜੀ ਹਜੂਰ ਸਾਹਿਬ ਨੂੰ ਭੇਜਦੇ ਤਾਰ ਸਾਰੇ।**
**ਸਹੀ ਪਾਇਕੇ ਤੇ ਆਪੋ ਆਪਣੀ ਜੋ ਤਖਤੀਂ ਭੇਜਦੇ ਜੋ ਗੁਰਦੁਵਾਰ ਸਾਰੇ।**
**ਮੁਸਲਮਾਨੀ ਕਲਾਮ ਨੂੰ ਪੜਨ ਕੂਕੇ ਖੇਡਨ ਹਾਲ ਦਸਤਾਰ ਉਤਾਰ ਸਾਰੇ।**

**(ਚਲਦਾ)**

# ਰਾਏਕੋਟ ਦੇ ਸ਼ਹੀਦਾਂ ਨਮਿਤ ਸਮਾਗਮ

ਲੰਡਨ-ਏਥੋਂ ਦੇ ਨਾਮਧਾਰੀ ਗੁਰਦੁਆਰੇ -ਫਾਰੈਸਟ ਗੇਟ ਦੀ ਸਾਧ ਸੰਗਤ ਵਲੋਂ ਰਾਏਕੋਟ ਦੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕੀਤਾ ਗਿਆ। ਇਸ ਸਮਾਗਮ ਦਾ ਆਰੰਭ ਇਕ ਘੰਟਾ ਨਾਮ ਸਿਮਰਨ ਨਾਲ ਹੋਇਆ। ਉਸ ਤੋਂ ਬਾਅਦ ਤਾਰਾ ਸਿੰਘ ਅਨਜਾਣ ਨੇ ਇਤਿਹਾਸਕ ਵੇਰਵੇ ਦਿੰਦਿਆਂ ਦੱਸਿਆ ਕਿ ਸਰਕਾਰ ਦੀ ਨੀਤੀ ਗਊ ਬਧ ਕਰਕੇ ਇਥੋਂ ਦੀ ਵਾਹੀ ਖੇਤੀ ਨੂੰ ਢਾਅ ਲਾਉਂਣ ਦੀ ਸੀ। ਸਰਕ਼ਾਰ ਹਿੰਦੂ, ਸਿੱਖਾਂ, ਤੇ ਮੁਸਲਮਾਨਾਂ ਵਿਚ ਫੁਟ ਪਾਉਣਾ ਚਾਹੁੰਦੀ ਸੀ। ਉਹ ਸਾਡੀਆਂ ਧਾਰਮਿਕ ਭਾਵਨਾਵਾਂ ਨੂੰ ਵੀ ਵੰਗਾਰਨਾ ਚਾਹੁੰਦੀ ਸੀ। ਇਹਨਾਂ ਗਊ ਬਧ ਕਰਨ ਵਾਲੇ ਬੁੱਚੜਖਾਨਿਆਂ ਨੂੰ ਬੰਦ ਕਰਨ ਲਈ ਨਾਮਧਾਰੀ ਸਿੰਘ ਸ੍ਰੀ ਅੰਮ੍ਰਿਤਸਰ, ਰਾਏਕੋਟ ਤੇ ਬਾਗਾਂ ਵਾਲੇ ਬੇਜੁਬਾਨ ਗਊਆਂ ਛੁਡਾਉਣ ਤੇ ਬੁਚੜਖਾਨਿਆਂ ਵਿਰੁਧ ਕਾਰਵਾਈ ਕਰਨ ਲਈ ਲੱਕ ਬੰਨ੍ਹ ਕੇ ਤੁਰ ਪਏ। ਉਹਨਾਂ ਨੇ ਹੱਸ ਹੱਸ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਇਸ ਸਮਾਗਮ ਵਿਚ ਰਾਏਕੋਟ ਦੇ ਸ਼ਹੀਦਾਂ ਸੰਬੰਧੀ ਅੰਗਰੇਜ਼ੀ ਵਿਚ ਸਮਗਰੀ ਵੰਡਣਾ ਸਲਾਹੁਣਯੋਗ ਉਦਮ ਸੀ। ਅਨਜਾਣ ਸੰਬੰਧੀ ਜਾਣਕਾਰੀ ਅਜੀਤ ਸਿੰਘ ਸਕੱਤਰ ਨਾਮਧਾਰੀ ਸੰਗਤ ਸਾਊਥਾਲ ਨੇ ਦਿੱਤੀ। ਯੂ. ਕੇ. ਦੇ ਸਾਬਕਾ ਪ੍ਰਧਾਨ ਸੰਤ ਰਜਿੰਦਰ ਸਿੰਘ ਚਾਨਾ ਹੱਥੀਂ ਅਨਜਾਣ ਜੀ ਦਾ ਆਦਰ ਮਾਣ ਕੀਤਾ ਗਿਆ। ਨੌਜਵਾਨ ਗੁਰਸੇਵਕ ਸਿੰਘ ਨੇ ਬੜੇ ਸੁਚੱਜੇ ਢੰਗ ਨਾਲ ਸਟੇਜ ਸਕੱਤਰ ਦੀ ਜ਼ੁੰਮੇਵਾਰੀ ਨਿਭਾਈ। ਇਹ ਸਮਾਗਮ 18 ਜੁਲਾਈ 2015 ਨੂੰ ਪਿਛਲੇ ਪਹਿਰ ਹੋਇਆ।

# ਕਨੇਡਾ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ - ਪੰਜ ਭਾਦਰੋਂ

ਟਰਾਂਟੋ ਦੀ ਨਾਮਧਾਰੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਨਾਮ ਸਿਮਰਨ, ਕਥਾ ਕੀਰਤਨ ਕਰਕੇ ਬੜੇ ਪ੍ਰੇਮ ਨਾਲ 22 ਅਤੇ 23 ਅਗਸਤ ਨੂੰ ਨਾਮਧਾਰੀ ਧਰਮਸ਼ਾਲਾ ਵਿਖੇ ਮਨਾਈ ਗਈ।

22 ਅਗਸਤ ਨੂੰ ਸ਼ਾਮੀ 6 ਤੋਂ 7 ਵਜੇ ਤਕ ਨਾਮ ਸਿਮਰਨ ਕਰਦਿਆਂ ਸ੍ਰੀ ਸਤਿਗੁਰੂ ਜੀ ਦਾ ਪਾਵਨ ਪਵਿੱਤਰ ਉਪਦੇਸ਼ ਅਤੇ ਸਵ: ਜਥੇਦਾਰ ਨਿਰੰਜਨ ਸਿੰਘ ਕੱਕੜਾ ਦਾ ਟੇਪ ਰਿਕਾਰਡ ਦਿਵਾਨ 'ਵਿਛੋੜਾ ਸਤਿਗੁਰੂ ਪ੍ਰਤਾਪ ਸਿੰਘ' ਸਰਵਣ ਕੀਤਾ ਗਿਆ।

ਉਪਰੰਤ ਸੂਬਾ ਗੁਰਦਿਆਲ ਸਿੰਘ ਨੇ ਹੱਲੇ ਦਾ ਦਿਵਾਨ ਸਜਾ ਕੇ ਸਾਧ ਸੰਗਤ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਰਉਪਕਾਰਾਂ ਤੋਂ ਜਾਣੂੰ ਕਰਵਾਇਆ। ਉਹਨਾਂ ਦੇ ਦਿਵਾਨ ਦੀ ਧਾਰਨਾ ਸੀ-

- ***ਜਨਮ ਮਰਨ ਦੋਹੂ ਮਹਿ ਨਾਹੀ ਜਨ ਪਰਉਪਕਾਰੀ ਆਏ।***

ਇਹਨਾਂ ਨਾਲ ਸੂਬਾ ਰੇਸ਼ਮ ਸਿੰਘ, ਬੰਤ ਬਲਦੇਵ ਸਿੰਘ, ਰਾਗੀ ਬਸੰਤ ਸਿੰਘ, ਸੰਤ ਹਾਕਮ ਸਿੰਘ, ਸੰਤ ਹਰਨਾਮ ਸਿੰਘ, ਸੰਤ ਦਰਸ਼ਨ ਸਿੰਘ, ਸੰਤ ਅਮਰਜੀਤ ਸਿੰਘ ਆਦਿ ਨੇ ਸਾਥ ਦਿੱਤਾ।

ਬੀਬੀ ਜਤਿੰਦਰ ਕੌਰ ਗਿੱਲ ਜੋ 'ਸਿੱਖ ਫਾਊਂਡੇਸ਼ਨ ਆਫ ਕਨੇਡਾ' ਵਲੋਂ ਆਏ ਸਨ ਆਪਣੇ ਆਪ ਨੂੰ ਧੰਨਭਾਗੀ ਦੱਸਿਆ ਜੋ ਨਾਮਧਾਰੀ ਸਾਧ ਸੰਗਤ ਵਿਚ ਪਹਿਲੀ ਵੇਰ ਆਏ ਸਨ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਮਨਾਈ ਜਾ ਰਹੀ ਸੀ। ਬਾਅਦ ਵਿਚ ਉਹਨਾਂ 'ਸਿੱਖ ਫਾਊਂਡੇਸ਼ਨ ਕਨੇਡਾ' ਵਲੋਂ ਜੋ ਸਿਖਇਜ਼ਮ ਬਾਰੇ ਡਾਕੂਮੈਂਟਰੀ ਫਿਲਮ ਦਿਖਾਈ ਜਾਣੀਆਂ ਸਨ ਬਾਰੇ ਜਾਣਕਾਰੀ ਦਿੱਤੀ।

ਸੰਤ ਅਜੀਤ ਸਿੰਘ ਲਾਇਲ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਬਖਸ਼ਸ਼ਾਂ ਨੂੰ ਆਪਣੇ ਸ਼ਬਦਾਂ ਰਾਹੀਂ ਬੜੇ ਸੁਚੱਜੇ ਢੰਗ ਨਾਲ ਬਿਆਨ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਭ ਤੋਂ ਵੱਡੀ ਦੇਣ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਮਧਾਰੀ ਪੰਥ ਨੂੰ ਦੇਣਾ ਦਸਿਆ।

ਸੰਤ ਹਰਪਾਲ ਸਿੰਘ ਭੱਲੀ ਨੇ ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਸਾਧ ਸੰਗਤ ਨੂੰ ਪ੍ਰੇਰਿਤ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਦਾ ਉਪਦੇਸ਼ ਸੀ ਕਿ ਹਰ ਨਾਮਧਾਰੀ ਸਿੱਖ ਦੇ ਬੱਚੇ ਚੋਂ ਰਾਗ ਦੀ ਖੁਸ਼ਬੋ ਆਉਣੀ ਚਾਹੀਦੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਦੀ ਇਸ ਖਾਹਿਸ਼ ਨੂੰ ਪੂਰਾ ਕੀਤਾ ਅਤੇ ਹੁਣ ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਉਸੇ ਆਸ਼ੇ ਨੂੰ ਅਗੇ ਤੋਰ ਰਹੇ ਹਨ। ਉਹਨਾਂ ਹੋਰ ਕਿਹਾ ਇਕ ਪਾਸੇ ਤਾਂ ਅਸੀਂ ਸਤਿਗੁਰੂ ਜੀ ਨੂੰ ਅੰਤਰਜਾਮੀ ਕਹਿੰਦੇ ਹਾਂ ਪਰ ਦੂਜੇ ਪਾਸੇ ਅਸੀਂ ਇਕ ਦੂਜੇ ਦੀਆਂ ਸ਼ਿਕਾਇਤਾਂ ਲਾਉਣ ਤੋਂ ਗੁਰੇਜ਼ ਨਹੀਂ ਕਰਦੇ। ਅਜਿਹੇ ਕੰਮਾਂ ਤੋਂ ਬੱਚੀਏ ਅਤੇ ਉਹਨਾਂ ਦੇ ਹੁਕਮਾਂ ਤੇ ਚੱਲਕੇ ਖੁਸ਼ੀਆਂ ਪ੍ਰਾਪਤ ਕਰੀਏ।

23 ਅਗਸਤ ਨੂੰ ਅੰਮ੍ਰਿਤ ਵੇਲੇ 5 ਤੋਂ 7 ਤਕ ਨਾਮ ਸਿਮਰਨ ਕਰਦਿਆਂ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਟੇਪ ਉਪਦੇਸ਼ ਸਰਵਣ ਕੀਤਾ। ਸ਼ਾਮ ਨੂੰ ਫਿਰ ਨਾਮ ਸਿਮਰਨ ਤੇ ਕਥਾ ਕੀਰਤਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਕੀਤਾ ਗਿਆ।

**.-ਗੁਰਦੀਪ ਸਿੰਘ ਨਾਮਧਾਰੀ**

# ਪੋਤਰੇ ਦੀ ਖੁਸ਼ੀ ਵਿਚ ਨਾਮ ਸਿਮਰਨ ਅਤੇ ਕੀਰਤਨ

**ਸਾਊਥਾਲ-** ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਸ਼ੁਕਰਾਨੇ ਵਜੋਂ ਅਤੇ ਪੋਤਰੇ ਦੀ ਖੁਸ਼ੀ ਵਿਚ ਸੰਤ ਗੁਰਚਰਨ ਸਿੰਘ ਸੋਧ ਦੇ ਪਰਿਵਾਰ ਨੇ ਨਾਮਧਾਰੀ ਸਿੱਖ ਸੈਂਟਰ ਸਾਊਥਾਲ ਵਿਚ ਇਕ ਘੰਟਾ ਨਾਮ ਸਿਮਰਨ ਅਤੇ ਕੀਰਤਨ ਸਰਵਣ ਕੀਤਾ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ। ਉਸਤਾਦ ਹਰਭਜਨ ਸਿੰਘ ਨੇ ਜਥੇ ਸਹਿਤ ਕੀਰਤਨ ਕੀਤਾ - ਸ਼ਬਦ ਸਨ

- ***ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ।।***
- ***ਮਾਈ ਮੇਰੇ ਮਨ ਕੋ ਸੁਖੁ।।***

ਅਰਦਾਸ ਨਾਲ ਸਮਾਗਮ ਦੀ ਸਮਾਪਤੀ ਹੋਈ।

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਮਨ ਨੂੰ ਆਪਣੇ ਵਸ ਕਰੋ



*ਮਨ ਨੂੰ ਜੇ ਆਪਣੇਂ ਵਸ ਵਿਚ ਕਰ ਲਈਏ, ਤਾਂ ਕਿਸੇ ਵੀ ਚੀਜ਼ ਦੀ ਪ੍ਰਾਪਤੀ ਔਖੀ ਨਹੀਂ, ਫੇਰ ਇਸ ਨੂੰ ਵਸ ਕਿਉਂ ਨਾ ਕਰੀਏ। ਅਕਾਲ ਪੁਰਖ ਈਸ਼ਵਰ ਦੀ ਪ੍ਰਾਪਤੀ ਏਡੀ ਔਖੀ ਪ੍ਰਾਪਤੀ ਹੈ, ਜਿਸ ਬਾਰੇ ਲਿਖਿਆ ਹੈ–*

**ਹਰਿ ਕੀ ਗਤਿ ਨਹਿ ਕੋਊ ਜਾਨੈ।।**
**ਜੋਗੀ ਜਤੀ ਤਪੀ ਪਚਿਹਾਰੇ ਅਰੁ ਬਹੁ ਲੋਗ ਸਿਆਨੇ।।**

*ਏਡੀ ਵੱਡੀ ਚੀਜ਼ ਦੀ ਪ੍ਰਾਪਤੀ ਜਦੋਂ ਹੋ ਜਾਂਦੀ ਏ ਤਾਂ ਦੂਜੀਆਂ ਚੀਜ਼ਾਂ ਏਸ ਤੋਂ ਬਹੁਤ ਹੇਠਾਂ ਰਹਿ ਜਾਂਦੀਆਂ ਨੇ। ਉਹ ਏਸ ਤੋਂ ਘੱਟ ਇਕਾਗਰਤਾ ਨਾਲ ਵੀ ਪ੍ਰਾਪਤ ਹੋ ਸਕਦੀਆਂ ਨੇ। ਹੋਰ ਕਿਹੜੀ ਚੀਜ਼ ਏ ਜਿਹੜੀ ਲਾਂਭੇ ਰਹਿ ਜਾਵੇਗੀ। ਇਹ ਕੋਸ਼ਿਸ਼ ਕਰਿਆ ਕਰੋ।*

# ਗੁਰ-ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਇਹ ਇਕ ਸਿੱਖੀ ਦਾ ਰਿਸ਼ਤਾ ਹੈ



***ਪੂਜਯ ਮਾਤਾ ਜੀ, ਪਰਮ ਸਤਿਕਾਰਯੋਗ ਸਾਧ ਸੰਗਤ ਜੀ। ਇਹ ਦੋ ਤਿੰਨ ਦਿਨ ਤੋਂ ਇਥੇ ਤੁਹਾਡੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ ਤੇ ਤੁਸੀਂ ਇਹ ਪਿਆਰ ਦਿਤਾ ਹੈ, ਇਹ ਸਤਿਕਾਰ ਦਿੱਤਾ ਹੈ। ਮੈਂ ਆਪਣੇ ਵਲੋਂ ਵੀ, ਆਪਣੇ ਨਾਲ ਆਏ ਸਾਰੇ ਸੱਜਣਾਂ ਵਲੋਂ ਤੁਹਾਡਾ ਬਹੁਤ ਸਤਿਕਾਰ ਧੰਨਵਾਦ ਕਰਦਾ ਹਾਂ। ਜਿਹੜਾ ਇਹ ਸਿੱਖੀ ਦਾ ਅਸੂਲ ਘਰ ਆਏ ਦੀ ਪ੍ਰੋਹਣਾਚਾਰੀ ਕਰਨੀ ਜਿਹੜੀ ਸਾਨੂੰ ਹੋਰ ਕਿਤੇ ਨਹੀਂ ਮਿਲਦੀ। ਕਿੰਨ੍ਹੀ ਕੋਈ ਕਰਦਾ ਹੈ ਉਹ ਹਰ ਇਕ ਦੀ ਆਪਣੀ ਸਮਰਥਾ ਹੁੰਦੀ ਹੈ। ਪਰ ਮੈਂ ਯਾਦ ਕਰਦਾ ਹਾਂ ਸਤਿਗੁਰੂ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਆਉਂਦਾ ਹੈ ਕਿ ਘਰ ਆਏ ਸਿੱਖ ਨੂੰ ਜੇ ਕੁਝ ਵੀ ਨਹੀਂ ਦੇ ਸਕਦੇ ਉਹਨੂੰ ਪਿਆਰ ਨਾਲ ਪਾਣੀ ਦਾ ਗਿਲਾਸ ਵੀ ਦੇ ਦਿੰਦੇ ਹੋ ਤੁਹਾਡੀ ਸੇਵਾ ਪੂਰੀ ਹੋ ਜਾਂਦੀ ਏ। ਇਥੇ ਉਹ ਨੌਜਵਾਨ ਉਹ ਸਿੱਖ ਜਿਨ੍ਹਾਂ ਨੂੰ ਅਸੀਂ ਸ਼ਾਇਦ ਕਦੇ ਮਿਲੇ ਵੀ ਨਹੀਂ ਜਾਂ 15-20 ਸਾਲਾਂ ਬਾਅਦ ਮਿਲੇ ਹਾਂ ਸਿਰਫ ਇਕ ਰਿਸ਼ਤਾ ਏ ਉਹਨਾਂ ਨਾਲ ਇਕ ਸਿੱਖੀ ਦਾ ਰਿਸ਼ਤਾ ਹੈ। ਉਹਨਾਂ ਆਪਣਾ ਟਾਈਮ ਦੇ ਕੇ ਇਹੋ ਜਿਹੇ ਥਾਵਾਂ ਵਿੱਚ, ਇਸ ਦੁਨੀਆਂ ਵਿਚ ਜਿਹੜੀ ਮੈਟੀਰੀਅਲਸਟਿਕ (ਪਦਾਰਥਵਾਦੀ) ਏ। ਆਪਣਾ ਟਾਈਮ ਦਿਤਾ ਏ ਤੇ ਤਨੋ ਮਨੋ ਸੇਵਾ ਕੀਤੀ ਏ। ਬੀਬੀਆਂ ਭੈਣਾਂ ਬੱਚੀਆਂ ਨੇ ਜਿਸ ਦਿਨ ਦੇ ਆਏ ਹਾਂ ਦਿਨ ਰਾਤ ਇਕ ਕਰਕੇ ਪ੍ਰਸ਼ਾਦੇ ਦੀ, ਲੰਗਰ ਦੀ ਉਹਨਾਂ ਨੇ ਸੇਵਾ ਕੀਤੀ ਹੈ। ਧੰਨਵਾਦ ਸ਼ਬਦ ਤੁਹਾਡੇ ਵਾਸਤੇ ਬਹੁਤ ਛੋਟਾ ਹੈ ਪਰ ਮੇਰੀ ਇਹ ਅਰਦਾਸ ਜ਼ਰੂਰ ਏ ਕਿ ਸੱਚੇ ਪਾਤਸ਼ਾਹ ਕਿਰਪਾ ਕਰਨ, ਬਖਸ਼ਸ਼ ਕਰਨ ਇਸ ਤਰ੍ਹਾਂ ਹੀ ਸਿੱਖੀ ਬਖਸ਼ਣ। ਇਹ ਉਹਨਾਂ ਦੀ ਸਿੱਖੀ, ਇਹ ਫੁਲਵਾੜੀ ਵਧਦੀ ਰਹੇ, ਇਕ ਮਹਿਕ ਵਧਦੀ ਰਹੇ। ਇਸ ਮਹਿਕ ਨਾਲ ਜਿਹੜਾ ਸਾਡਾ ਆਲਾ ਦੁਆਲਾ ਹੈ ਉਹ ਵੀ ਪ੍ਰਭਾਵਿਤ ਹੋਵੇ।***

***–ਬ੍ਰਿਸਬੇਨ, 9 ਜੁਲਾਈ 2015***

1920 में स्थापित सतिजुग

# सामाजिक क्रान्ति के महानायक

**सुरजीत सिंह जोबन**

उन्नीसवीं सदी तक आते आते नारी की सामाजिक दशा इतनी गिर गई थी कि वह केवल भोग्य बनकर रह गई थी। जो नारी कभी वेद सूक्तों की रचीयता रही थी और जिसकी पूजा के कारण घर परिवार में देवताओं का निवास होता था यानिकि में घर परिवार में सुख शांति समृद्धि बनी रहती थी। वैदिक काल में विवाह के समय यह आर्शीवाद नवविवाहिता लडकी को दिया जाता था कि – हे नववधू जिस नये घर में तूं जाने लगी है वहां की तूं साम्राज्ञी हो, उस घर का राज्य तेरा है। तेरे सास– ससुर, नन्द, देवर आदि तेरे घर के राज्य में सुखी पूर्वक हैं।

पर धीरे धीरे नारी की स्थिति दयनीय दशा तक आ पहुंची। वह भोग्यवाली वस्तु बन गई। इतना होने पर भी चारों ओर उसकी निंदा की जाती। हालांकि वह सन्तों, महात्माओं तथा राजाओं की जननी होती थी पर वह निन्दा की पात्र होती थी। शायद इसलिए इस दयनिय स्थिति को देखते हुए गुरु नानक देव जी को भी कहना पड़ा – **सो क्यों मन्दा आखिये जित जम्मे राजान।**

परन्तु धीरे धीरे पंजाब में गुरु परम्परा के चलते हुए भी नारी की स्थिति कोई बहुत बढ़िया नहीं कही जा सकती थी। जैसे ही पंजाब में रणजीत सिंह का राज्य स्थापित हुआ नारी की स्थिति और गिर गई। जितने अवगुण किसी राजा में होते थे उससे कहीं बहुत अधिक रणजीत सिंह में बड़े अवगुण आ गये। सुरा सुन्दरी के कारण नारी की स्थिति तो क्या सुधरनी थी बल्कि और दयनीय होती गई। रणजीत सिंह ने तो अपने महल में मुस्लिम नर्तकियों को भी स्थान दिया। यह मायने में वह मुगल बादशाहों से भी आगे बढ़ गया।

जब सद्गुरु राम सिंह जी ने सेना की नौकरी छोडी तो चिन्तन की राह में सबसे पहले नारी की दयनीय स्थिति सामने आई। सर्वप्रथम आपने सामाजिक ढांचे में मातृ शक्ति के विषय में चिन्नत किया और उस समय के सामाज की सबसे विकृत बुराई भ्रूण हत्या के विरुद्ध कदम उठाया।

**भ्रूण हत्या बेटी बचाओ** : उस समय भारतीय सामाज में बेटी का पैदा होना किसी अपराध से कम नहीं था। गांव में बेटी के पैदा होते ही उसे समाप्त करने वाली महिला होती थी। जिसे इस काम का पुरस्कार दिया जाता था। न बेटी होगी न किसी के आगे सिर झुकाना पड़ेगा।

घर का आंगन बेटी की हत्या के बाद उसे खोदकर दबाने के काम में आता था। घर के बढ़े बूढ़ों की इसमें सहमति होती थी। बड़े घरानों की देखा देखी यह कुप्रथा समाज के सभी वर्गों में आग की तरह फैल गई। इसके पीछे कई कारण हो सकते थे। गरीब परिवार शादी की ताम झाम से बचना चाहता था। पैसे के बिना शादी तो हो नहीं सकती थी। फिर या तो इसके लिए मकान बेचो या खेती का टुकड़ा गिरवी रखो।

**लडकियों की सौदेबाजी** : सद्गुरु जी ने लोगों को समझाया की बेटी के न होने से सृष्टि का क्रम रुक जायेगा। बेटी घर की फुलवाडी की वह किलकारी है जो विवाह से पहले पिता के परिवार को खुशी देती है। विवाह के बाद सुसराल में सुख शान्ति समृद्धि और परिवार बढ़ाती है। हालांकि उन दिनों पंजाब में लड़कियों की खरीद फरोख्त भी चलती थी। एक युवती के 500–1000 रुपये मिलते थे। सुन्दर होने पर यह कीमत अधिक भी होती थी। गरीब लोग लडकी बेचकर मकान बना लेते थे या कोई पशु खरीद लेते थे। सद्गुरु जी ने बड़ी दृढ़ता के साथ इस बुराई के विरुद्ध आन्दोलन खडा कर दिया।

**लड़कियों को मारना गउ हत्या के बराबर** : सद्गुरु जी ने आदेश दिया कि लड़की को मारने का पाप गउ हत्या के बराबर है। लडकी बहुत सुख देती है। लडकी बेचने पर वर भी अच्छा नहीं मिलता तथा लडकी के व्याभिचारी होने की संभावना भी होती है। आप ने आदेश दिया कि लडकी मारने या बेचने वाले को संगत में नहीं घुसने देना। आपने आगे कहा कि ऐसे आदमी के हाथ से खानपान भी नहीं करना। उसके घर नहीं जाना। इन आदेशों व कार्यक्रमों का समाज में व्यापक प्रभाव पड़ा। (चलता)

# ਸ੍ਰੀ ਰਾਮ ਚਰਿਤ ਮਾਨਸ (ਰਾਮਾਇਣ)

ਪੰਜਾਬੀ ਅਨੁਵਾਦਕ

(ਪਿਛੋਂ ਤੋਂ ਅਗੇ)

✍ ਮਾਸਟਰ ਅਮਰੀਕ ਸਿੰਘ

## ਆਸ਼ਰਮ ਵਿਚ ਸ੍ਰੀ ਰਾਮ ਦੀ ਕਥਾ ਸੁਨਾਈ ਕਲਯ ਯਾਦਵ ਨੇ

**ਬਰਾਹਮਣ ਹਥੀਂ ਮਰਾਂਗਾ ਦੱਸੋ ਇਹ ਕੈਸਾ ਵਰ ਹੋਇਆ,**<br>
**ਤੁਸੀਂ ਮੁਨੀ ਹੋ ਕਰਨੀ ਵਾਲੇ ਸੋਨਾ ਕਰ ਦਿਓ ਲੋਹਿਆ।**<br>
**ਰਾਜੇ ਮੁਨੀ ਕਿਹਾ ਇਸ ਤਰ੍ਹਾਂ ਬੰਸ ਦਾ ਨਾਸ਼ ਹੈ ਹੋਣਾ,**<br>
**ਕਿਵੇਂ ਬਚਾ ਹੋ ਸਕਦੈ ਭਗਤੋ ਦੱਸੋ ਢੰਗ ਉਹ ਸੋਹਣਾ।**

**ਇਕ ਹੋ ਸਕਦੈ ਇਸ ਢੰਗ ਜੇਕਰ ਮੰਨੋ ਗਲ ਅਸਾਡੀ,**<br>
**ਆਪਣੇ ਰਾਜ 'ਚੋਂ ਜਾ ਕੇ ਰਾਜਾ ਭੁਲ ਨੇ ਹੋਇਓ ਫਾਡੀ।**<br>
**ਇਕ ਲਖ ਬ੍ਰਾਹਮਣਾ ਤਾਈਂ ਜਾ ਕੇ ਭੋਜਨ ਖੂਬ ਕਰਾਓ,**<br>
**ਹੋਵਨ ਜੇ ਪ੍ਰਸੰਨ ਬ੍ਰਾਹਮਣ ਹੋ ਸਕਦੈ ਬਚ ਜਾਓ।**

**ਗੱਲਾਂ ਅਜੇ ਤਾਂ ਕਰਦੇ ਸਨ ਪੈ ਸ਼ੁਕਰ ਦੈਂਤ ਆ ਪੁੱਜਾ,**<br>
**ਜੋ ਸੂਅਰ ਦਾ ਰੂਪ ਧਾਰ ਕੇ ਦੈਂਤ ਸੀ ਹੋਇਆ ਗੁੱਝਾ।**<br>
**ਸ਼ੁਕਰ ਕਪਟੀ ਮੁਨੀ ਰਾਜੇ ਦਾ ਮਿਤਰ ਸੀ ਅਤ ਗੂੜ੍ਹਾ,**<br>
**ਉਤੋਂ ਤਾਂ ਸੀ ਮਿਤਰ ਬਣਦਾ ਪਰ ਅੰਦਰੋਂ ਸੀ ਚੂਹੜਾ।**

**ਦੋ ਤੋਂ ਤਿੰਨ ਜਣੇ ਜਦ ਹੋਏ ਰਾਤ ਪਈ ਤਾਂ ਸੁੱਤੇ,**<br>
**ਮਾਇਆ ਜਾਲ ਦੀ ਸ਼ਕਤੀ ਨਾਲ ਸੀ 'ਸ਼ੁਕਰ' ਢਿੱਡ ਵਿਗੁੱਤੇ।**<br>
**ਪ੍ਰਤਾਪੀ ਭਾਨੂੰ ਨੂੰ ਚੁਕ ਕੇ ਮਹਿਲੀਂ ਉਸਦੇ ਸੁੱਟਿਆ,**<br>
**ਉਠਿਆ ਰਾਜਾ ਹੈਰਾਨ ਹੋ ਗਿਆ ਕਿਸ ਮੈਨੂੰ ਹੈ ਚੁਕਿਆ।**

(ਚਲਦਾ)

# ਦਿੱਲੀ ਵਿਖੇ ਹਫਤਾਵਾਰੀ ਸਮਾਗਮ



**ਹਫਤਾਵਾਰੀ ਮੇਲੇ ਸਮੇਂ ਜਥੇਦਾਰ ਦਲਜੀਤ ਸਿੰਘ (ਬਲਿਹਾਰਜਾਵਾਂ) ਜਥੇ ਨਾਲ ਵਾਰਾ ਲਗਾਉਂਦੇ ਹੋਏ।**

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਅਤੇ ਸੰਤ ਕਰਤਾਰ ਸਿੰਘ ਸੋਧੀ (ਬਲਿਹਾਰਜਾਵਾਂ) ਦੀ ਯਾਦ ਵਿਚ ਪਰਿਵਾਰ ਵਲੋਂ ਐਤਵਾਰ 26 ਜੁਲਾਈ 2015 ਨੂੰ ਸੂਬਾ ਅਰਵਿੰਦ ਸਿੰਘ ਦੇ ਗ੍ਰਿਹਿ ਮਾਨਸਰੋਵਰ ਗਾਰਡਨ, ਨਵੀਂ ਦਿੱਲੀ ਵਿਖੇ ਮੇਲਾ ਮਨਾਇਆ ਗਿਆ।

ਅੱਜ ਦਾ ਮੇਲਾ ਅੰਮ੍ਰਿਤ ਵੇਲੇ ਆਸਾ ਦੀ ਵਾਰ (ਵਾਰਾ) ਦੇ ਕੀਰਤਨ ਨਾਲ ਆਰੰਭ ਹੋਇਆ। ਸੰਤਾਂ ਦੇ ਪੁੱਤਰ ਜਥੇਦਾਰ ਦਲਜੀਤ ਸਿੰਘ ਬਲਿਹਾਰਜਾਵਾਂ ਦੇ ਜੱਥੇ ਨੇ ਕੀਤਾ। ਉਪਰੰਤ ਜਥੇਦਾਰ ਮਹੰਤ ਸੰਤੋਖ ਸਿੰਘ ਨੇ ਸੰਤਾਂ ਦੇ ਜੀਵਨ ਬਾਰੇ ਦੱਸਿਆ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਸੰਤਾਂ ਨੂੰ ਕਿਸ ਤਰ੍ਹਾਂ "ਬਲਿਹਾਰਜਾਵਾਂ" ਦਾ ਤਖਲਸ ਪ੍ਰਾਪਤ ਹੋਇਆ। ਉਹਨਾਂ ਅਗੇ ਦੱਸਿਆ ਕਿ ਸੰਤ ਜੀ ਦਿੱਲੀ ਵਿਚ ਪਹਿਲੇ ਸੋਧੀ ਸਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਸੰਤ ਜੀ ਅਨੰਦ ਕਾਰਜ ਦੀ ਸੇਵਾ ਵੀ ਕਰਦੇ ਰਹੇ। ਸੰਤ ਜੀ ਰਾਗੀ ਜਥੇ ਨਾਲ ਆਸਾ ਦੀ ਵਾਰ ਦਾ ਕੀਰਤਨ ਵੀ ਕਰਿਆ ਕਰਦੇ ਹਨ। ਇਸ ਤੋਂ ਬਾਅਦ ਜਥੇਦਾਰ ਮਨਜੀਤ ਸਿੰਘ ਰਾਗੀ ਨੇ ਕਥਾ ਰਾਹੀਂ ਸੰਤ ਜੀ ਦੇ ਜੀਵਨ ਤੇ ਚਾਨਣਾ ਪਾਇਆ। ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ। ਮੇਲੇ ਦੀ ਸੇਵਾ ਸੰਤਾਂ ਦੇ ਪੁੱਤਰ ਸੰਤ ਕੁਲਦੀਪ ਸਿੰਘ ਤੇ ਜਥੇਦਾਰ ਦਲਜੀਤ ਸਿੰਘ ਬਲਿਹਾਰਜਾਵਾਂ ਵਲੋਂ ਕੀਤੀ ਗਈ।

**–ਦਵਿੰਦਰ ਸਿੰਘ ਸਭਰਵਾਲ**

# Indian Independence Day & The Pioneers for Freedom



**Namdhari committee and Sangat along with Sh. Raj Kumar Sharma (President Hindu Sabha Mandir) went to Celebrate Indian Independence at the Indian High Commission Toronto**

**L to R: Sh. Ranjit Singh, Sh. Satnam Singh, Suba Gurdial Singh, Sh Amar Singh,Sh Surinder Singh, Balbir Singh (Bobby), Sh. Harjit Singh, Sh. Ajit Singh, Dharshan Singh, Sh. Harjinder Singh, Hakam Singh, Sh Davinder Singh**

With great pleasure and pride the Namdhari Sikh Committee and Sangat pfrom Toronto went to the Indian High Commission in Toronto to rejoice with the Consulate General and his staff and most importantly to pay respect to SATGURU RAM SINGH on Independence Day of India.

Namdhari sikhs have played a very important role in the independence of India. Satguru Ram singh was at the forefront of the movement for Independence through peaceful non co-operation against the foreign rule. Satguru Ram Singh brought unity, nationalism and patriotism which paved the way for freedom.

Even the first Prime Minster of India Pandit Jawaharlal gave the following account:

'No Indian can deny the importance of efforts put in by Satguru Ram Singh seventy five years back in achieving freedom for the motherland. Congress merely followed the path shown by him and attained independence."

We also provided the media with an account of why Namdhari's are so passionate about the independence of india.

**-Balbir Singh (bobby)**



**Namdhari Committee and Sangat with Sh. Tirath Singh, former Consul General of India – Toronto**



**Sh. Akhilesh Mishra Consul General of India, John Tory Mayor of Toronto, Suba Gurdial Singh and Satnam Singh Mukta in Toronto**

SATJUG
ESTABLISHED IN 1920

# WOMEN EQUALITY AND NAMDHARI SIKHS

Present Government has recently launched *Save the Girl* or *Beti Bachao* initiative in the country to correct the male female ratio which has horribly gone wrong in many parts of the country. Unfortunately, Punjab is also in the dark zone regarding dwindling sex ratio. This is more disturbing because long ago, Satguru Ram Singh, founder of Namdhari sect, had advocated equal rights for both the genders, especially women. He baptized the women with Amrit in Village Siarh, District Ludhiana on 2 June, 1863. This was a revolutionary step not only in the history of India but whole mankind.

Satguru Ram Singh strongly abolish exhorted to the practice of killing the girl child. He asked Namdhari Sikhs to treat the girls at par with boys. He strongly prohibited the practice of dowry among Namdhari community. Equality was bestowed upon women by Satguru Ram Singh.

The crusade was kept going by Satguru Hari Singh, Satguru Partap Singh and very strongly by Satguru Jagjit Singh.

The present supreme spiritual head of Namdhari Sikhs, Sri Satguru Uday Singh is contributing immensely towards this great social cause of saving the girl child. The ratio of girls and boys is almost equal in Namdhari Community, as compared to the national ratio which is so less in numbers.

While modern age is perceived to be the age of women power and girls are no less than boys. But the reality is that in many countries, and especially in India, girls are discriminated, abused, and treated as second-class citizens – just because they are girls.

In many states of India, fewer girls than boys are born. A BBC survey, based on the national sex ratio from other countries, estimated that over the last 20 years around 10 million females are 'missing' in India.

According to a report by The Guardian, a newspaper from England, "up to 6 million girls have been aborted in India over the past decade by couples who do not want a large family and are determined to have a son."

Surprisingly, the practice is more widespread among wealthier and better educated Indian families, who are better able to afford the pre-natal tests and medical intervention they want. Families in the richest and most educated groups perform most abortions based on gender simply because of the fear of dowry— a cultural practice where durable goods, cash, or movable property that the bride's family gives to the bridegroom as a condition of the marriage.

The 2011 Indian census revealed that there are about 7.1 million fewer girls than boys under the age of six. The gap has grown substantially since the 2001 census, which found 6 million fewer girls, and the 1991 census, 4.2 million fewer.

As a result, many females remain illiterate. And despite the fact that an educated woman not only has a better chance of earning an income, but is more likely to keep her children healthy, educated and make the society better.

So the question arises, what can be done?

The first logical step seems to be legislation. But it must be emphasized that while legislation is important, discrimination against girls cannot be abolished by making laws alone.

There has to be a massive attitudinal shift in the cultural belief of the entire nation.The equal rights for women must start in the family itself and continue through school, work and marriage. Education here plays an important part. In India itself, Kerala, with a high literacy rate, has a high count of girls as compared to boys.

A women is the genesis of life. She is the form through which creation manifests itself. Let's not destroy this crucial aspect of life. Let's work to save girls from getting diminished.

Satguru Jagjit Singh very emphatically preached: "when *you educate a boy; you educate a man and when you educate a girl; you educate a generation."*

**-Inderjeet Singh, Jeevanjot Singh**

# ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਦਾ ਦੌਰਾ.. (ਬਾਕੀ ਸਫਾ 1 ਦੀ)



**ਸ੍ਰੀ ਸਤਿਗੁਰੂ ਜੀ ਨੇ ਸੰਤ ਕ੍ਰਿਪਾਲ ਸਿੰਘ ਪੁੰਨੀ (ਪੁੱਤਰ ਸੰਤ ਦਲਬੀਰ ਸਿੰਘ) ਦੇ ਗ੍ਰਿਹ ਵਿਖੇ ਦਰਸ਼ਨ ਦਿੱਤੇ ਅਤੇ ਪ੍ਰਸ਼ਾਦ ਵੰਡਣ ਦੀ ਕਿਰਪਾ ਕੀਤੀ।**



**ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਤ ਜਗਚੰਨਣ ਸਿੰਘ ਦਾ ਪਰਿਵਾਰ ਬਖਸ਼ਿਸ਼ ਮੰਗਦਾ ਹੋਇਆ।**

ਬਸ ਦਾ ਡਰਾਈਵਰ ਰਸਤੇ ਵਿਚ ਆਉਣ ਵਾਲੇ ਸ਼ਹਿਰਾਂ ਦੀ ਭਗੋਲਿਕ, ਰਾਜਨੀਤਕ, ਇਤਿਹਾਸਕ ਜਾਣਕਾਰੀ ਦੇ ਰਿਹਾ ਸੀ। ਬਸ ਨੇ ਪਹਿਲਾ ਪੜਾ ਬੜੇ ਰਮਣੀਕ ਸਥਾਨ ਤੇ ਤਕਰੀਬਨ 8 ਵਜੇ ਕੀਤਾ। ਜਿਥੇ ਇਕ ਪਾਸੇ ਬਹੁਤ ਖ਼ੂਬਸੂਰਤ ਚਰਚ ਸੀ ਤੇ ਦੂਜੇ ਪਾਸੇ ਦੂਰ ਤਕ ਸਮੁੰਦਰ ਦਾ ਨਜ਼ਾਰਾ ਦਿਸਦਾ ਸੀ ਜਿਸ ਦੀ ਖਾਸ਼ੀਅਤ ਇਹ ਸੀ ਕਿ ਇਥੇ ਇੰਤਜਾਰ ਕਰਨ ਤੇ ਕਈ ਵਾਰ ਡਾਲਫਿਨ ਦੇ ਕੁਦਰਤੀ ਕਰਤਵ ਦਿਸ ਜਾਂਦੇ ਸਨ ਜੋ ਕਿ ਸਾਨੂੰ ਇਹ ਨਸੀਬ ਨਹੀਂ ਹੋਏ।

ਜਿਸ ਸਿਡਨੀ ਸ਼ਹਿਰ ਨੂੰ ਅਜ ਭਾਗ ਲਗੇ ਸਨ ਉਹ ਹੀ ਸਿਡਨੀ ਸ਼ਹਿਰ ਹੈ ਜਿਥੋਂ ਕਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਮਰਯਾਦਾ ਨੂੰ ਮੁੱਖ ਰੱਖਦਿਆਂ ਆਪਣੀਆਂ ਸ਼ਰਤਾਂ ਅਨੁਸਾਰ ਆਪਣੇ ਦਿਲ ਦੇ ਬਾਈਪਾਸ ਆਪਰੇਸ਼ਨ ਕਰਨ ਦੀ ਆਗਿਆ ਬਖਸ਼ੀ ਸੀ। ਉਹਨਾਂ ਸ਼ਰਤਾਂ ਤੋਂ ਕੁਝ ਸਨ- ਓਪਰਾ ਖ਼ੂਨ ਨਹੀਂ ਲਿਆ, ਰੋਮ ਨਹੀਂ ਕਟਵਾਣੇ, ਔਰਤ ਨਰਸ ਤੋਂ ਸੇਵਾ ਨਹੀਂ ਲਈ, ਕਛਹਿਰਾ ਅੰਗ ਸੰਗ ਰਖਿਆ ਆਦਿ। ਜਿਹਨਾਂ ਤੋਂ ਬਗੈਰ ਦੁਨੀਆਂ ਦੀ ਅੱਜ ਤੱਕ ਕੋਈ ਬਾਈਪਾਸ ਸਰਜਰੀ ਨਹੀਂ ਹੋਈ। ਆਸਟ੍ਰੇਲੀਆ ਦਾ ਸਿਡਨੀ ਸ਼ਹਿਰ ਹੀ ਹੈ ਜਿਸਨੂੰ ਦੂਜੇ ਗੁਰੂ ਸਾਹਿਬਾਨ ਦੀ ਚਰਨ ਛੂਹ ਪ੍ਰਾਪਤ ਹੋਈ। ਉਂਜ ਸਿਡਨੀ ਨਯੂ ਸਥਿਤ ਵੇਲ ਰਾਜ ਦੀ ਰਾਜਧਾਨੀ ਅਤੇ ਵਿਸ਼ਵ ਵਿਖਿਆਤ ਸ਼ਹਿਰ ਹੈ। ਜੋ ਕਿ ਆਸਟ੍ਰੇਲੀਆ ਦੇ ਈਸ਼ਟ ਕੋਸਟ ਵਿਚ ਸਥਿਤ ਹੈ। 2011 ਵਿਚ ਹੋਈ ਜਨਸੰਖਿਆ ਦੇ ਆਧਾਰ ਤੇ ਸਿਡਨੀ ਦੀ ਕੁਲ ਆਬਾਦੀ 44 ਮੀਲੀਅਨ ਸੀ। ਵਸਨੀਕ ਉਹ ਸਨ ਜੋ ਕਿ ਆਸਟ੍ਰੇਲੀਆ ਦੇ ਜਨਮੇ ਨਹੀਂ ਹਨ ਭਾਵ ਪ੍ਰਦੇਸਾਂ ਤੋਂ ਆਣ ਵਸੇ ਹਨ। ਸ਼ਾਮ ਦਾ ਨਾਮ ਸਿਮਰਨ 1 ਤੋਂ 2 ਬਸ ਦੇ ਸਫਰ ਦੌਰਾਨ ਹੀ ਕੀਤਾ ਗਿਆ।

**ਮਿਤੀ 11-7-2015-** ਆਸਾ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਹਜ਼ੂਰੀ ਰਾਗੀ ਬਲਵੰਤ ਸਿੰਘ ਸੁਰਮੁਖ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਗੁਰਲਾਲ ਸਿੰਘ ਨੇ ਸਿਡਨੀ ਵਿਖੇ ਬੁਕ ਕੀਤੇ ਹਾਲ ਵਿਚ ਕੀਤਾ। ਵਾਰ ਉਪਰੰਤ ਸ੍ਰੀ ਹਜ਼ੂਰ ਕੁਝ ਆਰਾਮ ਕਰ ਕੁਝ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ।

1. ਗੁਰਲਾਲ ਸਿੰਘ ਪਿਛੋਕੜ ਮੁਠਡੇ ਤੋਂ, ਇਸ ਦਾ ਪਰਿਵਾਰ ਤਿੰਨ ਪੀੜੀਆਂ ਤੋਂ ਇਥੇ ਹੀ ਵਸਦਾ ਹੈ ਅਤੇ ਬੱਚੇ 8 ਤੋਂ 12 ਸਾਲ ਦੇ ਹਨ ਜੋ ਪੰਜਾਬੀ ਬਹੁਤ ਵਧੀਆ ਬੋਲਦੇ ਸਨ। ਜਪੁਜੀ ਸਾਹਿਬ ਦਾ ਪਾਠ ਵੀ ਕਰ ਲੈਂਦੇ ਸਨ। ਸ੍ਰੀ ਹਜ਼ੂਰ ਨੇ ਬਹੁਤ ਖੁਸ਼ੀਆਂ ਦਿੱਤੀਆਂ। ਘਰ ਦੀ ਬੀਬੀ ਨੇ ਦੱਸਿਆ ਕਿ ਇਹ ਮੇਰੇ ਨਾਲ ਇੰਗਲਿਸ਼ ਵਿਚ ਗੱਲ ਕਰਨ ਤਾਂ ਮੈਂ ਜੁਆਬ ਨਹੀਂ ਦਿੰਦੀ।

2. ਇਕ ਬਿਮਾਰ ਸਿੱਖ ਨੂੰ ਦਰਸ਼ਨ ਦੇਣ ਖਾਤਰ ਬਲੈਕ ਟਾਊਨ ਹਸਪਤਾਲ ਵਿਚ ਦਰਸ਼ਨ ਦਿਤੇ।

3. ਹਰਪ੍ਰੀਤ ਸਿੰਘ, ਸੂਬਾ ਹਰਭਜਨ ਸਿੰਘ ਦੇ ਭਰਾ

4. ਤਿੰਨ ਭਰਾ ਪਿਛੋਂ ਬਟਾਲੇ ਤੋਂ ਰਣਜੀਤ ਸਿੰਘ, ਸਤਨਾਮ ਸਿੰਘ, ਗੁਰਵਿੰਦਰ ਸਿੰਘ। ਤਿੰਨਾਂ ਦੀਆਂ ਘਰ ਵਾਲੀਆਂ ਨੇ ਵੀ ਨਮਸਕਾਰ ਕੀਤੀ।

5. ਰੰਗਾ ਸਿੰਘ ਪੁੱਤਰ ਗੁਰਦੀਪ ਸਿੰਘ ਪੋਤਰਾ ਸੰਤੋਖ ਸਿੰਘ।

ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਤੇਰਾ ਨਾਮ ਸਤਿਗੁਰੂ ਜੀ ਨੇ ਰਖਿਆ ਸੀ ਰੰਗਾ ਸਿੰਘ ਆਖਿਆ ਹਾਂ ਜੀ, ਤਾਂ ਸ੍ਰੀ ਹਜ਼ੂਰ ਨੇ ਫਰਮਾਇਆ ਤੂੰ ਵਡੇ ਭਾਗਾਂ ਵਾਲਾ ਏਂ ਤੇਰਾ ਨਾਮ ਸਤਿਗੁਰੂ ਜਗਜੀਤ ਸਿੰਘ ਜੀ ਨੇ ਰਖਿਆ ਸੀ ਫਿਰ ਤੂੰ ਕੇਸ ਕਟਣੇ ਛੱਡ ਦੇ ਤੇ ਕੇਸ ਰਖ ਲੈ। ਰੰਗਾ ਸਿੰਘ ਸਤਿਬਚਨ ਕੀਤਾ। ਰੰਗਾ ਸਿੰਘ ਸਾਡੀ ਕਾਰ ਦਾ ਚਾਲਕ ਵੀ ਸੀ ਸੋ ਉਸ ਨੇ ਕਾਰ ਵਿਚ ਸਾਡੇ ਨਾਲ ਬਚਨ ਸਾਂਝਾ ਕੀਤਾ ਕਿ ਸਤਿਗੁਰੂ ਬਹੁਤ ਕਿਰਪਾ ਕੀਤੀ ਹੈ ਹੁਣ ਤੋਂ ਮੈਂ ਕੇਸ ਨਹੀਂ ਕਟਾਂਗਾ। ਸਤਿਗੁਰੂ ਜੀ ਕਿਸ ਤਰ੍ਹਾਂ ਪਿਆਰ ਦੇ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਯਾਦ ਕਰਵਾ ਕਰਵਾ ਕੇ ਸੰਗਤਾਂ ਨੂੰ ਮੁੜ ਸਿਖੀ ਵਲ ਲਿਆ ਰਹੇ ਸਨ। ਇਹ ਨਜ਼ਾਰੇ ਦੇਖ ਸਾਡੇ ਮਨ ਗਦ-ਗਦ ਕਰ ਉਠਦੇ। ਇਸੇ ਘਰ ਰੰਗਾ ਸਿੰਘ ਦੇ ਭੂਆ ਦੇ ਲੜਕੇ ਨੇ ਵੀ ਨਮਸਕਾਰ ਕੀਤੀ ਜੋ ਸੌਖਲ ਪਰਿਵਾਰ ਦਾ ਹੀ ਹੈ।

6. ਸਰਦਾਰ ਦਰਸ਼ਨ ਸਿੰਘ ਅਤੇ ਇਸਦੀ ਪਤਨੀ, ਲੜਕਾ, ਲੜਕੀ ਤੇ ਪੋਤਰੇ ਨੇ ਵੀ ਸਤਿਗੁਰੂ ਜੀ ਦੇ ਚਰਨ ਪਰਸੇ। ਇਹ ਪਰਿਵਾਰ ਪਿਛੋਂ ਦਿੱਲੀ ਤੋਂ ਹੈ। ਬੀਬੀ ਝੰਡਾ ਸਿੰਘ ਦੀ ਲੜਕੀ ਹੈ। ਇਸ ਪਰਿਵਾਰ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਕਦੇ ਇਹਨਾਂ ਦੇ ਰੋਗ ਸੋਗ ਦੇ ਬਚਨ ਸ੍ਰੀ ਹਜ਼ੂਰ ਨਾਲ ਸਾਂਝੇ ਕੀਤੇ।

7. ਹਰਮਨ ਸਿੰਘ, ਸੰਤ ਸਤਨਾਮ ਸਿੰਘ ਮੁਕਤੇ ਦਾ ਭਾਣਜਾ ਜਿਸਨੂੰ ਕੇਸ ਨਾ ਕਟਣ ਦਾ ਹੁਕਮ ਹੋਇਆ। ਇਥੋਂ ਹੀ ਹਰਪਾਲ ਹਾਕੀ ਪਲੇਅਰ ਦੇ ਸਾਲੇ ਨੇ ਵੀ ਨਮਸਕਾਰ ਕੀਤੀ।

8. ਹਰਮੀਤ ਸਿੰਘ ਚੇਅਰਮੈਨ ਦੇ ਭਤੀਜੇ ਰਣਜੀਤ ਸਿੰਘ, ਪਰਗਤ ਸਿੰਘ ਘਰ ਚਰਨ ਪਾਏ ਅਤੇ ਇਹਨਾਂ ਦੇ ਬੱਚਿਆਂ ਹਰਕੀਰਤ ਅਤੇ ਰਮਨਪ੍ਰੀਤ ਨੂੰ ਦਸਤਾਰਾਂ ਸਜਾਈਆਂ।

9. ਜਗਚੰਨਣ ਸਿੰਘ ਘਰ ਚਰਨ ਪਾਏ ਅਤੇ ਨਵੇਂ ਘਰ ਲਈ ਟਪ ਲਗਾਇਆ।

10. ਹਰਦਿਆਲ ਸਿੰਘ ਪੁੱਤਰ ਹਰਮੀਤ ਸਿੰਘ ਚੇਅਰਮੈਨ ਘਰ

ਕੁਝ ਹੋਰ ਘਰਾਂ ਵਿਚ ਚਰਨ ਪਾ ਨਾਮ ਸਿਮਰਨ ਵਿਚ ਦਰਸ਼ਨ ਦਿੱਤੇ। ਜਿਥੇ ਸੰਤ ਨਿਸ਼ਾਨ ਸਿੰਘ ਦੀ ਕਥਾ ਤੋਂ ਬਾਅਦ ਰਾਗੀ ਸਿੰਘਾਂ ਸ਼ਬਦ ਕੀਰਤਨ ਕੀਤਾ। ਡੇਰੇ ਆ ਪ੍ਰਸਾਦ ਪਾਣੀ ਛਕ ਆਰਾਮ ਕੀਤਾ।

**12-7-2015-** ਆਸਾ ਦੀ ਵਾਰ ਵਿਚ ਦਰਸ਼ਨ ਦੇ ਕੇ ਸ੍ਰੀ ਹਜ਼ੂਰ ਨੇ ਮਾਤਾ ਜੀ ਸਹਿਤ ਕੁਝ ਘਰਾਂ ਵਿਚ ਚਰਨ ਪਾਏ। ਸਭ ਤੋਂ ਪਹਿਲਾਂ ਸ਼ਾਮ ਸਿੰਘ ਹੋਠੀਆਂ ਦੇ ਘਰ ਚਰਨ ਪਾਏ ਜਿਥੇ ਉਹਨਾਂ ਦੇ ਲੜਕੇ ਹਰਨਾਮ ਸਿੰਘ ਅਤੇ ਲੜਕੀ ਸਿਮਰਨ ਕੌਰ ਨੇ ਸ਼ਬਦ ਸੁਣਾਇਆ। ਸਿਤਾਰ ਦੇ ਨਾਲ ਸੰਤਾਂ ਸਿੰਘ ਨੇ ਵੀ ਸ਼ਬਦ ਗਾਇਨ ਕੀਤਾ। ***ਗੁਰ ਕਾ ਦਰਸਨ ਦੇਖ ਦੇਖ ਜੀਵਾਂ।।*** ਸਤਿਗੁਰੂ ਜੀ ਨੇ ਬੱਚਿਆਂ ਨੂੰ ਰਾਗ ਵਿਦਿਆ ਅਤੇ ਸੁਰ ਤਾਲ ਬਾਰੇ ਬਚਨ ਬਿਲਾਸ ਕੀਤੇ ਅਤੇ ਪਿਆਰ ਦਿੱਤਾ। ਸ਼ਾਮ ਸਿੰਘ ਤੋਂ ਬਾਅਦ ਰਛਪਾਲ ਸਿੰਘ ਘਰ ਦਰਸ਼ਨ ਦਿੱਤੇ ਜਿਥੇ ਇਸਦੀ ਪਤਨੀ ਨੇ ਵੀ ਨਮਸਕਾਰ ਕੀਤੀ।


ਅਜ ਭਾਰਤ ਤੋਂ ਆਈ ਸਾਰੀ ਸੰਗਤ ਸਿਡਨੀ ਦੇ ਪ੍ਰਬੰਧਕਾਂ ਦੇ ਯਤਨਾਂ ਨਾਲ ਬੁਕ ਕੀਤੀ ਵਿਸ਼ੇਸ਼ ਬਸ ਰਾਹੀਂ ਸਿਡਨੀ ਭ੍ਰਮਣ ਲਈ ਗਏ ਸਨ। ਕਿਉਂਕਿ ਮੈਂ ਬੀਬੀ ਰਾਜ, ਕਰਨਪਾਲ, ਵਰਿਆਮ ਲਾਂਗਰੀ ਸੇਵਾ ਵਿਚ ਹੋਣ ਕਾਰਨ ਨਹੀਂ ਗਏ ਸਾਂ ਸਾਨੂੰ ਹੁਕਮ ਹੋਇਆ ਤੁਸੀਂ ਵੀ ਘੁੰਮ ਆਓ। ਜਿਸ ਲਈ ਰਛਪਾਲ ਤੇ ਸੰਤਾ ਸਿੰਘ ਸਾਡੇ ਨਾਲ ਹੋ ਤੁਰੇ। ਬੀਬੀ ਰਾਜ ਨਾਲ ਸੂਬਾ ਜੀ ਦੀ ਵਡੀ ਲੜਕੀ ਨੇ ਸਾਥ ਦਿਤਾ। ਅਸੀਂ ਫੈਰੀ ਰਾਹੀਂ ਓਪਨ ਹਾਊਸ ਤੇ ਹਾਰਬਰ ਬ੍ਰੈਡੀ ਤੇ ਗੇੜਾ ਮਾਰ ਆਏ। ਸ੍ਰੀ ਹਜ਼ੂਰ ਕੁਝ ਹੋਰ ਘਰਾਂ ਵਿਚ ਚਰਨ ਪਾ ਕੇ ਇਕ ਨਰਸਰੀ ਵਿਚ ਬਾਗਬਾਨੀ ਦੇ ਸ਼ੌਕ ਅਤੇ ਆਸਟ੍ਰੇਲੀਆਈ ਫਲ ਫੁਲਾਂ ਦੀ ਜਾਣਕਾਰੀ ਹੇਤ ਭ੍ਰਮਣ ਕਰ ਨਾਮ ਸਿਮਰਨ ਵਿਚ ਆਣ ਦਰਸ਼ਨ ਦਿੱਤੇ।

ਨਾਮ ਸਿਮਰਨ ਦੌਰਾਨ ਸੰਤ ਗੁਰੂਬਚਨ ਸਿੰਘ ਨੇ ਕਥਾ ਕੀਤੀ ਅਤੇ ਰਾਗੀ ਬਲਵੰਤ ਸਿੰਘ, ਕੁਲਵੰਤ ਸਿੰਘ, ਗੁਰਮੁਖ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਗੁਰਸ਼ਰਨ ਸਿੰਘ ਨੇ ਕੀਰਤਨ ਕੀਤਾ। ਅਰਦਾਸ ਸੰਤ ਨਿਸ਼ਾਨ ਸਿੰਘ ਨੇ ਕੀਤੀ। ਉਪਰੰਤ ਹਰਪਾਲ ਸਿੰਘ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਨੇ ਹੁਕਮ ਅਨੁਸਾਰ 5-7 ਮਿੰਟ ਵਾਸਤੇ ਆਪਣੇ ਵਿਚਾਰ ਸਾਂਝੇ ਕੀਤੇ। ਜਗਚੰਨਣ ਸਿੰਘ ਅਤੇ ਇਥੋਂ ਦੀਆਂ ਬੀਬੀਆਂ ਦੇ ਜਥੇ ਨੇ ਦੋ ਸ਼ਬਦ ਗਾਇਨ ਕਰ ਸ੍ਰੀ ਹਜ਼ੂਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਜਿਸ ਉਪਰੰਤ ਸ੍ਰੀ ਹਜ਼ੂਰ ਨੇ ਪਵਿੱਤਰ ਉਦਪੇਸ਼ ਦੇ ਕੇ ਸਿਖੀ ਦੀ ਸ਼ਾਨ ਕਰਨ ਬਾਰੇ ਹੁਕਮ ਕੀਤੇ। ਸੇਵਾਦਾਰਾਂ ਵਲੋਂ ਕੀਤੀ ਸੇਵਾ ਲਈ ਸ਼ਾਬਾਸ਼ ਦਿਤੀ ਤੇ ਨਾਮ ਬਾਣੀ ਦਾ ਅਧਿਐਨ ਕਰਨ ਲਈ ਮਾਰਗ ਦਰਸਾਇਆ। ਜਗਚੰਨਣ ਸਿੰਘ ਨੇ ਸਟੇਜ ਤੇ ਆਣ ਸਤਿਗੁਰੂ ਜੀ ਸਹਿਤ ਸਭ ਦਾ ਧੰਨਵਾਦ ਕੀਤਾ ਨਾਲ ਹੀ ਸਥਾਨਕ ਜਥਿਆਂ ਨੂੰ ਸਿਖੀ ਦੇ ਚਿੰਨ੍ਹ ਆਸਣ, ਗੁਟਕਾ, ਮਾਲਾ ਆਦਿ ਸ੍ਰੀ ਹਜ਼ੂਰ ਨੇ ਬਖਸ਼ਿਸ਼ ਕੀਤੇ। ਇਸ ਸਾਰੇ ਦੀ ਵਿਉਂਤਬੰਦੀ ਜਗਚੰਨਣ ਸਿੰਘ, ਇੰਦਰਜੀਤ ਸਿੰਘ, ਸੂਬਾ ਹਰਭਜਨ ਸਿੰਘ, ਗੁਰਮੁਖ ਸਿੰਘ ਰਹਿਬਰ, ਮੰਗਲਜੀਤ ਸਿੰਘ ਆਦਿ ਨਾਲ ਮਿਲਕੇ ਕੀਤੀ ਗਈ। ਡੇਰੇ ਆਣ ਜਲ ਪਾਣੀ ਛਕਿਆ।

ਉਸਤਾਦ ਲਾਲ ਚੰਦ ਖਮਲਾ ਦੇ ਸ਼ਗਿਰਦ ਦਵਿੰਦਰ ਸਿੰਘ ਪਾਰੀਆ ਜੋ ਕਿ ਆਸਟ੍ਰੇਲੀਆ ਵਿਚ ਹੀ ਟੈਕਸੀ ਚਲਾਣ ਦੇ ਨਾਲ ਖਮਲਾ ਜੀ ਦੇ ਸਟਾਈਲ ਦੀ ਗਾਇਕੀ ਨੂੰ ਸਾਂਭੀ ਬੈਠੇ ਹਨ ਨੇ ਹਾਜ਼ਰੀ ਲੁਆਈ। ਵਿਕਰਮਜੀਤ ਸਿੰਘ ਦੇ ਘਰ ਹੀ ਬੈਠਕ ਹੋਈ ਜਿਸ ਵਿਚ ਦਵਿੰਦਰ ਸਿੰਘ ਨੇ ਧਾਰਮਿਕ ਅਤੇ ਲੋਕ ਗੀਤ ਤੰਤੀ ਸਾਜ ਵਜਾ ਕੇ ਗਾਇਨ ਕੀਤੇ ਤਬਲੇ ਤੇ ਸਾਥ ਦਿੱਤਾ ਹਰਪ੍ਰੀਤ ਸਿੰਘ ਨੇ। ਸ੍ਰੀ ਹਜ਼ੂਰ ਨੇ ਭਰਪੂਰ ਖੁਸ਼ੀਆਂ ਦਿੱਤੀਆਂ। ਦਵਿੰਦਰ ਸਿੰਘ ਆਸਟ੍ਰੇਲੀਆ ਵਿਚ ਸ਼ਾਕਾਹਾਰ ਦਾ ਪ੍ਰਚਾਰ ਵੀ ਕਰਦਾ ਹੈ। ਉਸ ਨੇ ਅਰਜ਼ ਕੀਤੀ ਕਿ ਉਹ ਭਾਰਤ ਵਿਚ ਟ੍ਰੈਫਿਕ ਸੈਂਸ ਅਤੇ ਅਨੁਸ਼ਾਸ਼ਤ ਜੀਵਨ ਲਈ ਜਾਗਰੂਕਤਾ ਦਾ ਅਭਿਆਨ ਚਲਾਉਣਾ ਚਾਹੁੰਦਾ ਹੈ। ਸ੍ਰੀ ਹਜ਼ੂਰ ਨੇ ਹਰ ਤਰਫੋਂ ਮਦਦ ਦੇਣ ਦਾ ਵਿਸ਼ਵਾਸ਼ ਜਤਾਇਆ।

ਸ੍ਰੀ ਹਜ਼ੂਰ ਨੇ ਵਿਕਰਮ ਸਿੰਘ ਦੇ ਪੁਤਰ

(ਬਾਕੀ ਸਫਾ 7 'ਤੇ)



**ਸਿਡਨੀ ਵਿਖੇ ਹੋਏ ਪ੍ਰੋਗਰਾਮ ਦੌਰਾਨ ਬੈਠੀਆਂ ਬੀਬੀਆਂ।**

# ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਦਾ ਦੌਰਾ.. (ਬਾਕੀ ਸਫਾ 6 ਦੀ)



**ਸ੍ਰੀ ਸਤਿਗੁਰੂ ਜੀ ਸਿਡਨੀ ਵਿਖੇ ਪ੍ਰਵਚਨ ਕਰਦੇ ਹੋਏ।**

ਨੂੰ ਦਸਤਾਰ ਸਜਾਈ। ਰਾਤ ਕਾਫੀ ਹੋ ਚੁਕੀ ਸੀ ਸ੍ਰੀ ਹਜ਼ੂਰ ਜਾ ਬਿਰਾਜੇ।

**13-7-2015-** ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀਆਂ ਦੁਆਰਾ ਸ਼ਾਮ ਸਿੰਘ ਦੇ ਘਰ ਕੀਤਾ ਗਿਆ। ਸ੍ਰੀ ਹਜ਼ੂਰ ਦੇ ਦਰਸ਼ਨ ਕਰਨ ਲਈ ਵਡੀ ਗਿਣਤੀ ਵਿਚ ਸੰਗਤ ਆਈ ਕਿਉਂਕਿ ਅੱਜ ਸਿਡਨੀ ਤੋਂ ਰਵਾਨਾ ਹੋਣਾ ਸੀ। ਪ੍ਰਸ਼ਾਦ ਪਾਣੀ ਛਕ ਕੇ ਤਕਰੀਬਨ 9.30 ਜੇ ਸਿਡਨੀ ਏਅਰਪੋਰਟ ਵਲ ਰਵਾਨਾ ਹੋਏ ਜਿਥੋਂ ਆਪਣੇ ਅਗਲੇ ਸਫਰ ਮੈਲਬਾਰਨ ਲਈ ਉਡਾਨ ਭਰੀ।

**ਹਰਪਾਲ ਸਿੰਘ**


## ਸਤਿਗੁਰੂ ਜੀ ਦੀ ਹਜ਼ੂਰੀ ਵਿਚ

# ਸੰਤ ਰਵਿੰਦਰ ਸਿੰਘ (ਸਹੋਤਾ) ਨਵਯੁਗ ਨਮਿਤ ਮੇਲਾ

**10 ਅਗਸਤ 2015- (ਲਖਵੀਰ ਬਦੋਵਾਲ)-** ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਮ ਸੇਵਕ ਸੰਤ ਰਵਿੰਦਰ ਸਿੰਘ ਸਹੋਤਾ ਨਵਯੁੱਗ ਨਾਮਧਾਰੀ ਨਮਿਤ 10 ਅਗਸਤ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ ਹੋਇਆ। ਇਸ ਮੌਕੇ ਸੰਤ ਕਮਾਲ ਸਿੰਘ ਨੇ ਕਥਾ ਕਰਦਿਆਂ ਦੱਸਿਆ ਸੇਵਾ ਉਸ ਇਨਸਾਨ ਦੀ ਸਫਲ ਹੁੰਦੀ ਹੈ ਜੋ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕੀਤੀ ਜਾਵੇ। ਸੰਤ ਰਵਿੰਦਰ ਸਿੰਘ ਨੇ ਸਤਿਗੁਰੂ ਜੀ ਦਾ ਹੁਕਮ ਮੰਨਦਿਆਂ ਸਾਰੀ ਉਮਰ ਸੋਧ ਰਖੀ ਭਜਨ ਬੰਦਗੀ ਕਰਦਿਆਂ ਪੰਥ ਦੀ ਸੇਵਾ ਕੀਤੀ। ਇਸ ਮੌਕੇ ਤੇ ਸੂਬਾ ਹਰਭਜਨ ਸਿੰਘ ਨੇ ਆਖਿਆ ਸੰਤ ਜੀ ਚਾਰਟਡ ਇੰਜੀਨੀਅਰ ਸਨ। ਉਹਨਾਂ ਦੇ ਇਕ ਸਾਈਨ ਹੇਠਾਂ ਕਰੋੜਾਂ ਦਾ ਮਾਲ ਵਿਦੇਸ਼ ਜਾਂਦਾ ਸੀ। ਪਰ ਉਹਨਾਂ ਹਮੇਸ਼ਾਂ ਇਮਾਨਦਾਰੀ ਨਾਲ ਕੰਮ ਕੀਤਾ, ਕਿਸੇ ਦਾ ਹੱਕ ਨਹੀਂ ਖੋਹਿਆ ਤੇ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿੰਦੇ ਸਨ।



**ਸੰਤ ਰਵਿੰਦਰ ਸਿੰਘ**



**ਸਾਧ ਸੰਗਤ ਵਿਚ ਬੈਠੇ ਬੀਬੀ ਗੁਰਸ਼ਰਨ ਕੌਰ, ਬੀਬੀ ਉਜੱਲ ਕੌਰ ਅਤੇ ਬੀਬੀ ਸੁਖਜੀਤ ਕੌਰ।**

ਇਸ ਮੌਕੇ ਤੇ ਬੀ. ਜੇ. ਪੀ. ਦੇ ਕੌਮੀ ਸਕੱਤਰ ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਆਖਿਆ ਉਹਨਾਂ ਨੇ ਜਿਥੇ ਨਾਮਧਾਰੀ ਪੰਥ ਦੀ ਸੇਵਾ ਕੀਤੀ ਉਥੇ ਲੋੜਵੰਦਾਂ ਨੂੰ ਰਾਸ਼ਨ ਤੇ ਵਾਤਾਵਰਨ ਦੀ ਸ਼ੁੱਧਤਾ ਲਈ ਰੁੱਖ ਲਗਾਉਂਦੇ ਸਨ। ਇਸ ਮੌਕੇ ਤੇ ਹਲਕਾ ਦੱਖਣੀ ਦੇ ਆਗੂ ਸਰਬਜੀਤ ਸਿੰਘ ਗਰਚਾ, ਫੀਕੋ ਦੇ ਪ੍ਰਧਾਨ ਗੁਰਮੀਤ ਸਿੰਘ ਕੁਲਾਰ, ਡੀ. ਐਸ. ਚਾਵਲਾ, ਕਮਿਸ਼ਨਰ ਰਵਿੰਦਰ ਸਿੰਘ ਨਾਗੀ ਤੇ ਚੇਅਰਮੈਨ ਐਸ. ਐਸ. ਭੋਗਲ ਨੇ ਆਖਿਆ ਸੰਤਾਂ ਦੀ ਭਜਨ ਬੰਦਗੀ ਸਦਕਾ ਅੱਜ ਨਵਯੁਗ ਗਰੁੱਪ ਦਾ ਪੂਰੇ ਸਨਅਤ ਜਗਤ ਵਿਚ ਵੱਖਰੀ ਪਹਿਚਾਣ ਹੈ ਤੇ ਉਹਨਾਂ ਦਾ ਹੋਣਹਾਰ ਪੁੱਤਰ ਹਰਮਨਜੀਤ ਸਿੰਘ ਸਹੋਤਾ ਆਪਣੇ ਪਿਤਾ ਦੇ ਨਕਸ਼ੇ ਕਦਮ ਤੇ ਚਲਦਿਆਂ ਦੇਸ ਸੇਵਾ ਕਰ ਰਹੇ ਹਨ। ਸ੍ਰੀ ਸਤਿਗੁਰੂ ਜੀ ਨੇ ਸੰਤਾਂ ਦੇ ਪੁੱਤਰ ਹਰਮਨਜੀਤ ਸਿੰਘ ਨੂੰ ਆਪਣੇ ਪਵਿੱਤਰ ਹਸਤ ਕੰਵਲਾਂ ਨਾਲ ਦਸਤਾਰ ਸਜਾਈ।

ਇਸ ਮੌਕੇ ਤੇ ਮਾਸਟਰ ਦਰਸ਼ਨ ਸਿੰਘ ਦੇ ਜਥੇ ਨੇ ਸੰਤਾਂ ਦੀ ਯਾਦ ਵਿਚ 2 ਸਹਿਜ ਪਾਠਾਂ ਦੇ ਭੋਗ ਪਾਏ ਤੇ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ।। ਇਸ ਮੌਕੇ ਰਾਗੀ ਹਰਬੰਸ ਸਿੰਘ ਘੁਲਾ ਦੇ ਜਥੇ ਨੇ ਕੀਰਤਨ ਕੀਤਾ। ਇਸ ਮੌਕੇ ਮਾਤਾ ਚੰਦ ਕੌਰ ਜੀ, ਬੀਬੀ ਗੁਰਸ਼ਰਨ ਕੌਰ ਜੀ, ਨਾਮਧਾਰੀ ਦਰਬਾਰ ਦੇ ਪ੍ਰਧਾਨ ਐਚ. ਐਸ. ਹੰਸਪਾਲ, ਸੰਤਾਂ ਦੀ ਧਰਮ ਪਤਨੀ ਬੀਬੀ ਸੁਖਜੀਤ ਕੌਰ, ਅਸ਼ਵਿੰਦਰ ਸਿੰਘ ਆਸੂ, ਸੂਬਾ ਸੁਖਦੇਵ ਸਿੰਘ ਦਿੱਲੀ, ਗਿਆਨ ਸਿੰਘ, ਗੁਰਦੇਵ ਮੈਪੋਕੇ ਤੇ ਡੀ. ਐਸ. ਪੀ. ਧਰਮਵੀਰ ਵੀ ਮੌਜੂਦ ਸਨ।

# ਸਤਿਗੁਰੂ ਰਾਮ ਸਿੰਘ ਜੀ ਦੀ ਦੂਜੀ ਜਨਮ ਸ਼ਤਾਬਦੀ ਤੇ ਸਮਾਗਮ

**ਸਾਊਥਾਲ-** ਪਿਛਲੇ ਦਿਨੀਂ ਯੂ. ਕੇ. ਦੇ ਇਸ ਨਗਰ ਵਿਚ ਨਾਮਧਾਰੀ ਸਿਖ ਸੈਂਟਰ ਵਿਚ ਆਪਣੇ ਵਿਚਾਰ ਪੇਸ਼ ਕਰਦਿਆਂ ਨਾਮਧਾਰੀ ਹਿਸਟੋਰੀਅਨ ਸ. ਜਸਵਿੰਦਰ ਸਿੰਘ ਨੇ ਕਿਹਾ ਕਿ ਸ੍ਰੀ ਸਤਿਗੁਰੂ ਜੀ ਦੀ ਕੀਰਤੀ ਓਨੀ ਉਜਾਗਰ ਨਹੀਂ ਹੋਈ ਜਿੰਨੀ ਹੋਣ ਦੀ ਲੋੜ ਹੈ। ਸਤਿਗੁਰੂ ਜੀ ਸਬੰਧੀ ਖੋਜ, ਪ੍ਰਚਾਰ, ਪ੍ਰਸਾਰ ਦੀ ਸਾਡੀ ਨਾਮਧਾਰੀਆਂ ਦੀ ਵੱਧ ਜ਼ੁੰਮੇਵਾਰੀ ਹੈ। ਉਹਨਾਂ ਨੇ ਕੁਝ ਦੁਰਲਭ ਦਸਤਾਵੇਜ਼ਾਂ ਦਾ ਹਵਾਲਾ ਦੇਂਦਿਆਂ ਕਿਹਾ ਕਿ ਅੱਜ ਹੋਰ ਖੋਜ ਕਰਨ ਦੀ ਵੀ ਲੋੜ ਹੈ।

ਉਹਨਾਂ ਤੋਂ ਪਹਿਲਾਂ ਭਜਨ ਦੀ ਵਰਨੀ ਕੀਤੀ ਗਈ। ਉਸਤਾਦ ਹਰਭਜਨ ਸਿੰਘ ਨੇ ਉਸਤਾਦ ਗੁਰਦੇਵ ਸਿੰਘ, ਸੰਤ ਨਰਿੰਦਰ ਪਾਲ ਸਿੰਘ ਸਾਥੀਆਂ ਨਾਲ ਰਸਭਿੰਨਾ ਕੀਰਤਨ ਕੀਤਾ। ਉਹਨਾਂ :

- ***ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ***
- ***ਹਰਿ ਗੁਨ ਕਹਤੇ ਕਹਨੁ ਨ ਜਾਈ।।***

ਸ਼ਬਦ ਗਾਇਨ ਕੀਤਾ। ਉਸਤਾਦ ਹਰਭਜਨ ਸਿੰਘ ਹੱਥੀਂ ਹਿਸਟੋਰੀਅਨ ਜੀ ਨੂੰ ਨਾਮਧਾਰੀ ਸੰਗਤ ਵਲੋਂ ਸਨਮਾਨਿਤ ਕੀਤਾ ਗਿਆ। ਭਾਰਤ ਤੋਂ ਸੰਤ ਸੰਤ ਸਿੰਘ ਨੂੰ ਵੀ ਸੰਗਤ ਵਲੋਂ ਜੀ ਆਇਆਂ ਨੂੰ ਕਿਹਾ ਗਿਆ।

# ਬਰਮਿੰਘਮ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਦੀਵੀ ਵਿਛੋੜੇ ਬਾਰੇ ਕਵੀਸ਼ਰੀ

**ਬਰਮਿੰਘਮ, 8 ਅਗਸਤ-** ਅੱਜ ਇਥੇ ਪਿਛਲੇ ਪਹਿਰ ਨਾਮਧਾਰੀ ਸਿੱਖ ਸੰਗਤ ਦੇ ਗੁਰਦੁਆਰੇ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਨੂੰ ਤਾਜ਼ਾ ਕੀਤਾ ਗਿਆ। ਪਹਿਲਾਂ ਇਕ ਘੰਟਾ ਨਾਮ ਸਿਮਰਨ ਕੀਤਾ ਗਿਆ ਉਪਰੰਤ *'ਛਡ ਕੇ ਜਗਤ ਜਗਜੀਤ ਚਲਿਆ'* ਕਹਿੰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੰਤਿਮ ਸਮੇਂ ਬਾਰੇ ਕਵੀਸ਼ਰੀ ਕੀਤੀ ਗਈ। ਇਹ ਸਮਾਂ 19 ਨਵੰਬਰ 2012 ਤੋਂ 14 ਦਸੰਬਰ 2012 ਤਕ ਦਾ ਉਹਨਾਂ ਦੀ ਮ੍ਰਿਤਕ ਦੇਹ ਨੂੰ ਅਗਨ ਭੇਟ ਕਰਨ ਦਾ ਸਮਾਂ ਸੀ। ਸੰਤ ਮਹਿੰਦਰ ਸਿੰਘ ਅਤੇ ਬੰਤ ਬਲਵਿੰਦਰ ਸਿੰਘ ਚਾਨਾ ਨੇ ਬੜੇ ਪ੍ਰਭਾਵਸ਼ਾਲੀ ਮਾਰਮਿਕ ਸ਼ਬਦਾਂ ਵਿਚ ਵੈਰਾਗਮਈ ਕਵੀਸ਼ਰੀ ਛੰਦ ਗਾਇਨ ਕੀਤੇ। ਵਿਆਖਿਆ ਲਈ ਉਹਨਾਂ ਦਾ ਸਾਥ ਪ੍ਰੋ. ਤਾਰਾ ਸਿੰਘ ਅਨਜਾਣ ਨੇ ਦਿੱਤਾ। ਸੰਗਤ ਦੇ ਜਨਰਲ ਸਕੱਤਰ ਸੰਤ ਕੁਲਦੀਪ ਸਿੰਘ ਉਭੀ ਨੇ ਕਵੀਸ਼ਰੀ ਜਥੇ ਅਤੇ ਆਈ ਸੰਗਤ ਦਾ ਧੰਨਵਾਦ ਕੀਤਾ।

# ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ



**ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਹਫਤਾਵਾਰੀ ਪ੍ਰੋਗਰਾਮ ਦੌਰਾਨ ਕਾਕਾ ਬਲਦੇਵ ਸਿੰਘ ਦਿਵਾਨ ਸਜਾਉਂਦਾ ਹੋਇਆ।**

**ਲੁਧਿਆਣਾ, 6 ਅਗਸਤ 2015 :** ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਨਾਮਧਾਰੀ ਵਿਦਿਅਕ ਜਥੇ ਦੇ ਨੌਜਵਾਨਾਂ ਵਲੋਂ ਨਾਮ ਸਿਮਰਨ, ਕੀਰਤਨ ਕਰਵਾਇਆ ਗਿਆ ਜਿਸ ਵਿਚ ਸ੍ਰੀ ਭੈਣੀ ਸਾਹਿਬ ਤੋਂ ਵਿਸ਼ੇਸ਼ ਤੌਰ ਤੇ ਆਏ ਜਥੇਦਾਰ ਕਮਾਲ ਸਿੰਘ ਨੇ ਦਿਵਾਨ ਸਜਾਇਆ। ਵਿਦਿਅਕ ਜਥੇ ਵਲੋਂ ਕਰਵਾਏ ਅੱਜ ਦੇ ਸਮਾਗਮ ਵਿਚ ਪਹਿਲਾਂ ਕਾਕਾ ਬਲਦੇਵ ਸਿੰਘ ਨੇ ਕੀਰਤਨ ਕੀਤਾ ਉਪਰੰਤ ਸੰਤ ਗੁਰਸੇਵਕ ਸਿੰਘ (ਪਿੰਕਾ) ਨੇ ਸ਼ਹੀਦਾਂ ਦੀ ਯਾਦ ਵਿਚ ਸ਼ਬਦ ਪੜ੍ਹਿਆ।

ਜਥੇਦਾਰ ਕਮਾਲ ਸਿੰਘ ਨੇ ਦਿਵਾਨ ਦੀ ਸ਼ੁਰੂਆਤ -

***ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ।।***

ਸ਼ਬਦ ਦੀ ਧਾਰਨਾ ਨਾਲ ਕੀਤੀ ਅਤੇ ਭਾਈ ਨੈਣਾ ਸਿੰਘ ਦੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਜਾ ਕੇ ਦਰਸ਼ਨ ਕਰਨ ਦੀ ਸਾਖੀ ਸੁਣਾਈ। ਬਾਅਦ ਵਿਚ ਜਥੇਦਾਰ ਜੀ ਨੇ ਦੋ ਕਵਿਤਾਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਦੀਆਂ ਸੁਣਾ ਸਾਧ ਸੰਗਤ ਨੂੰ ਵਿਯੋਗ ਵਿਚ ਕਰ ਦਿੱਤਾ। ਸੂਬਾ ਹਰਭਜਨ ਸਿੰਘ ਨੇ ਜਥੇਦਾਰ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰੀ ਸਤਿਗੁਰੂ ਜੀ ਦੀ ਬੜੀ ਕਿਰਪਾ ਹੈ ਜੋ ਨਾਮਧਾਰੀ ਪੰਥ ਕੋਲ ਇਹੋ ਜਿਹੇ ਜਥੇਦਾਰ ਹਨ। ਉਹਨਾਂ ਕਿਹਾ ਕਿ ਜੋ ਮੌਕੇ ਦਾ ਮਾਲਕ ਹੁੰਦਾ ਹੈ ਉਹ ਜਥੇਦਾਰ, ਰਾਗੀ, ਕਵੀਸ਼ਰ ਆਪ ਹੀ ਬਣਾ ਲੈਂਦਾ ਹੈ। ਸੂਬਾ ਜੀ ਨੇ ਅੱਜ ਦੇ ਮੇਲੇ ਦੀ ਸੇਵਾ ਕਰਵਾਉਣ ਲਈ ਨਾਮਧਾਰੀ ਵਿਦਿਅਕ ਜਥੇ ਦੇ ਨੌਜਵਾਨਾਂ ਨੂੰ ਸ਼ਬਾਸੀ ਦਿੱਤੀ ਅਤੇ ਆਈ ਸੰਗਤ ਦਾ ਧੰਨਵਾਦ ਕੀਤਾ।

**-ਬਲਵੀਰ ਸਿੰਘ**

Date of Publication: 26/08/2015, Date of Posting: 27-28/08/15
Posted at PSO New Delhi-110001

RNI NO. 55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦਾ ਜਲੰਧਰ ਵਿਖੇ 'ਅਜੀਤ' ਭਵਨ ਵਿੱਚ ਸਨਮਾਨ ਕਰਦੇ ਡਾ. ਬਰਜਿੰਦਰ ਸਿੰਘ ਹਮਦਰਦ (ਮੁਖ ਸੰਪਾਦਕ ਅਜੀਤ) ਨਾਲ ਹਨ ਸ. ਐਚ. ਐਸ. ਹੰਸਪਾਲ, ਸੰਤ ਸੁਰਿੰਦਰ ਸਿੰਘ ਨਾਮਧਾਰੀ, ਸ. ਨਵਤੇਜ ਸਿੰਘ ਚੀਮਾਂ (ਵਿਧਾਇਕ), ਸ੍ਰੀ ਸਤਨਾਮ ਸਿੰਘ ਮਾਣਕ (ਕਾਰਜਕਾਰੀ ਸੰਪਾਦਕ ਅਜੀਤ) ਅਤੇ ਸ. ਅਵਤਾਰ ਸਿੰਘ ਸ਼ੇਰਗਿੱਲ (ਸਮਾਚਾਰ ਸੰਪਾਦਕ)



ਸਿਡਨੀ (ਆਸਟ੍ਰੇਲੀਆ) ਵਿਖੇ ਸ਼ਾਮ ਦੇ ਨਿਤਨੇਮ ਉਪਰੰਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹਜ਼ੂਰੀ ਰਾਗੀ ਕੀਰਤਨ ਕਰਦੇ ਹੋਏ



ਸਿਡਨੀ (ਆਸਟ੍ਰੇਲੀਆ) ਅਨੀਲਾ ਮਨੋਹਰ ਥਾਂ ਵਿਖੇ ਸ੍ਰੀ ਸਤਿਗੁਰੂ ਜੀ ਬੀਬੀ ਸਰਬਜੀਤ ਕੌਰ ਦੇ ਪਰਵਾਰ ਨੂੰ ਦਰਸ਼ਨ ਦੇਂਦੇ ਹੋਏ



ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸੰਤ ਰਵਿੰਦਰ ਸਿੰਘ ਸਹੋਤਾ ਦੇ ਭੋਗ ਸਮੇਂ ਉਹਨਾਂ ਦੇ ਪੁੱਤਰ ਸੰਤ ਹਰਮਨਜੀਤ ਸਿੰਘ ਨੂੰ ਪਰਵਾਰਕ ਜ਼ਿੰਮੇਵਾਰੀਆਂ ਦੀ ਪ੍ਰਤੀਕ ਦਸਤਾਰ ਸਜਾਉਂਣ ਦੀ ਕਿਰਪਾ ਕੀਤੀ



ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ ਸਮੇਂ ਜਥੇਦਾਰ ਕਮਾਲ ਸਿੰਘ ਦੀਵਾਨ ਸਜਾਉਂਦੇ ਹੋਏ



ਪਿੰਡ ਮੂਲੋਵਾਲੀ (ਜ਼ਿਲਾ ਗੁਰਦਾਸਪੁਰ) ਵਿਖੇ ਸੰਤ ਕੁਲਵੰਤ ਸਿੰਘ (ਪੁੱਤਰ ਸੰਤ ਠਾਕਰ ਸਿੰਘ) ਦੇ ਗ੍ਰਹਿ ਵਿਖੇ ਪ੍ਰਧਾਨ ਨਾਨਕ ਸਿੰਘ ਦੀ ਅਗਵਾਈ ਹੇਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਹਵਨ ਕਰਦੇ ਸੋਧੀ ਸਿੰਘ

## ਸਹਾਇਤਾ

| | | |
|---|---|---|
| ਵਿਸ਼ਵ ਨਾਮਧਾਰੀ ਸੰਗਤ, ਮੰਡੀ | 5100/- | ਮੰਡੀ ਵਿਖੇ ਸੰਮੇਲਨ ਕਰਵਾਉਣ ਸਮੇਂ |
| ਸੂਬਾ ਕੁਲਦੀਪ ਸਿੰਘ ਚਾਨਾ, ਯੂ. ਕੇ. | 2500/- | ਗ੍ਰਹਿ ਵਿਖੇ ਅਖੰਡ ਪਾਠ ਕਰਵਾਉਂਣ ਸਮੇਂ |
| ਸੰਤ ਪਿਆਰਾ ਸਿੰਘ ਮਠਾਰੂ, ਮੋਹਾਲੀ | 2000/- | ਪੋਤਰੇ ਪੋਤਰੀ ਦੀ ਖ਼ੁਸ਼ੀ ਵਿੱਚ ਸਤਿਗੁਰੂ ਜੀ ਦੇ ਸ਼ੁਕਰਾਨੇ ਵਜੋਂ |
| ਪਰਵਾਰ ਸੰਤ ਹਰਦਰਸ਼ਨ ਸਿੰਘ, ਦਿੱਲੀ | 1000/- | ਸੰਤ ਹਰਦਰਸ਼ਨ ਸਿੰਘ ਦੀ ਯਾਦ ਵਿੱਚ ਮੇਲੇ ਸਮੇਂ |
| ਸੰਤ ਕੁਲਦੀਪ ਸਿੰਘ ਨੀਲੋਂ, ਅੰਮ੍ਰਿਤਸਰ | 1000/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸੰਤ ਸੁਰਿੰਦਰ ਪਾਲ ਸਿੰਘ, ਮੋਹਾਲੀ | 500/- | ਗ੍ਰਹਿ ਵਿਖੇ ਵਰਨੀ ਕਰਨ ਸਮੇਂ |
| ਨਾਮਧਾਰੀ ਵਿਦਿਅਕ ਜਥਾ, ਲੁਧਿਆਣਾ | 500/- | ਸ਼ਹੀਦੀ ਸਮਾਰਕ ਹਫਤਾਵਾਰੀ ਸਮਾਗਮ ਸਮੇਂ |
| ਪਰਵਾਰ ਸੰਤ ਬਚਨ ਸਿੰਘ ਕਲਸੀ, ਮੁੰਬਈ | 500/- | ਸੰਤ ਬਚਨ ਸਿੰਘ ਕਲਸੀ ਦੇ ਯਾਦਗਾਰੀ ਮੇਲੇ ਸਮੇਂ |

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ – 250 ਰੁਪਈਏ, ਪ੍ਰਦੇਸ – 30 ਪੌਂਡ
ਪੰਜ ਸਾਲ : ਦੇਸ – 1000 ਰੁਪਈਏ, ਪ੍ਰਦੇਸ – 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ–ਸਵੇਰੇ 5:56 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ–ਸ਼ਾਮੀਂ 6:49 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase-II, Narayana, New Delhi 110028 and published from Namdhari Gurdwara, Ramesh Nagar, New Delhi-110015. Editor - Mr. Harvendra Singh Hanspal.
Phone : +91-9212318103, Email : satjugweekly@gmail.com
Issue No. 24 of 27 August 2015